# ਇਬਰਾਨੀਆਂ, ਅਧਿਆਇ ਇੱਕ

ਅਤੇ ਦੇਣ ਲਈ ਥੋੜ੍ਹਾ ਜਿਹਾ—ਜਿਹਾ...ਮੈਨੂੰ ਲਗਦਾ ਹੈ ਕਿ, ਮੇਰੇ ਲਈ, ਵਚਨ ਤੋਂ ਵਧੀਆ ਹੋਰ ਕੁਝ ਨਹੀਂ ਹੈ। "ਵਿਸ਼ਵਾਸ ਸੁਣਨ ਨਾਲ ਆਉਂਦਾ ਹੈ, ਅਤੇ ਸੁਣਨਾ ਪਰਮੇਸ਼ੁਰ ਦੇ ਵਚਨ ਤੋਂ ਹੁੰਦਾ ਹੈ।"

2 ਬੁੱਧਵਾਰ ਨੂੰ, ਅਤੇ ਸ਼ਾਇਦ ਐਤਵਾਰ ਨੂੰ, ਐਤਵਾਰ ਦੀਆਂ ਸੇਵਾਵਾਂ ਵਿੱਚੋਂ ਇੱਕ ਵਿੱਚ, ਪਾਸਟਰ ਨੂੰ ਥੋੜਾ ਜਿਹਾ ਆਰਾਮ ਦੇਣ ਲਈ, ਜਿਸ ਦਾ ਉਹ ਬਹੁਤ ਹੱਕਦਾਰ ਹੈ, ਅਤੇ ਸੋਚਿਆ ਕਿ ਸ਼ਾਇਦ ਅਸੀਂ ਬਾਈਬਲ ਵਿਚ ਇਕ ਕਿਤਾਬ ਲਵਾਂਗੇ। ਅਸੀਂ ਅਜਿਹਾ ਕਰਦੇ ਸੀ, ਅਤੇ ਕਈ ਵਾਰ ਇਸ ਤੇ ਇਕ ਸਾਲ ਰਹਿੰਦੇ ਸੀ।

3 ਮੈਨੂੰ ਇੱਕ ਵਾਰ ਯਾਦ ਹੈ ਜਦੋਂ ਅਸੀਂ ਪ੍ਰਕਾਸ਼ ਦੀ ਪੋਥੀ ਤੇ ਇੱਕ ਠੋਸ ਸਾਲ ਰਹੇ ਸੀ। ਪਰ, ਔਹ, ਮੇਰੇ, ਉਹ ਚੀਜ਼ਾਂ ਜੋ ਅਸੀਂ ਸਿੱਖੀਆਂ, ਅਤੇ ਇਹ ਕਿੰਨੀ ਸ਼ਾਨਦਾਰ ਸੀ! ਫਿਰ ਅਸੀਂ ਪਿਛਾਂਹ ਚਲੇ ਗਏ ਅਤੇ ਦਾਨੀਏਲ ਦੀ ਕਿਤਾਬ, ਜਾਂ ਉਤਪਤ ਦੀ ਕਿਤਾਬ, ਜਾਂ ਕੂਚ ਦੀ ਕਿਤਾਬ ਲਈ, ਅਤੇ ਬਸ ਇਸਨੂੰ ਲਿਆ, ਅਧਿਆਏ ਦਰ ਅਧਿਆਏ, ਅਤੇ ਇਹ ਪੂਰੀ ਬਾਈਬਲ ਨੂੰ ਜੋੜਦਾ ਹੈ। ਔਹ, ਮੈਨੂੰ ਬੱਸ ਇਹ ਪਸੰਦ ਹੈ!

4 ਥੋੜ੍ਹੀ ਦੇਰ ਬਾਅਦ, ਸਾਨੂੰ ਲੈਣਾ ਚਾਹੀਦਾ ਹੈ...ਜੇ ਪ੍ਰਭੂ ਅਸੀਸ ਦਿੰਦਾ ਰਹੇ ਅਤੇ ਅਸੀਂ ਅੱਗੇ ਵਧਦੇ ਰਹਾਂਗੇ, ਅਸੀਂ ਇੱਥੇ ਕੁਝ ਅਸਲ ਡੂੰਘੀਆਂ ਚੀਜ਼ਾਂ ਵਿੱਚ ਜਾਵਾਂਗੇ, ਅਸਲ ਡੂੰਘੀਆਂ। ਅਤੇ ਅਸੀਂ ਇਸਦੇ ਨਾਲ, ਲਿਖਤਾਂ ਦੁਆਰਾ, ਥਾਂ-ਥਾਂ ਤੇ ਜਾਵਾਂਗੇ।

5 ਅਤੇ ਮੈਂ ਲਿਖਤ ਨੂੰ ਲਿਖਤ ਨਾਲ ਮਿਲਾਉਣਾ ਪਸੰਦ ਕਰਦਾ ਹਾਂ। ਇਹ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ। ਇਹ ਬਸ ਇੱਕ ਸ਼ਾਨਦਾਰ ਸੁੰਦਰ ਤਸਵੀਰ ਹੈ। ਅਤੇ ਇਸ ਕਿਤਾਬ ਵਿੱਚ ਜਿਸਦਾ ਅਸੀਂ ਅਧਿਐਨ ਕਰ ਰਹੇ ਹਾਂ, ਅਸੀਂ ਦਾਖਲ ਹੋਣ ਜਾ ਰਹੇ ਹਾਂ, ਔਹ, ਮੁਕਤੀ, ਅਤੇ ਇਸ਼ਵਰੀ ਚੰਗਾਈ ਅਤੇ ਚਮਤਕਾਰ, ਅਤੇ ਕਿਰਪਾ। ਅਤੇ, ਔਹ, ਇਸ ਵਿੱਚ ਸਭ ਕੁਝ ਆਉਂਦਾ ਹੈ।

6 ਅਤੇ ਹੋ ਸਕਦਾ ਹੈ ਕਿ ਜਦੋਂ ਮੈਂ ਅਜਿਹੀ ਜਗ੍ਹਾ ਤੇ ਪਹੁੰਚ ਜਾਵਾਂ ਜਿੱਥੇ ਮੈਨੂੰ ਸਭਾਵਾਂ ਵਿੱਚ ਜਾਣਾ ਪਵੇ...ਮੈਨੂੰ ਕਦੇ ਵੀ ਪਤਾ ਨਹੀਂ ਹੁੰਦਾ ਕਿ ਮੈਂ ਇੱਕ ਸਭਾ ਵਿੱਚ ਕਦੋਂ ਜਾਵਾਂਗਾ, ਇੱਕ ਸਭਾ ਲਈ ਬੁਲਾਇਆ ਜਾਵਾਂਗਾ, ਕਿਉਂਕਿ ਮੇਰੇ ਕੋਲ ਉਦੋਂ ਤੱਕ ਕੁਝ ਵੀ ਨਿਰਧਾਰਿਤ ਨਹੀਂ ਹੈ ਜਦੋਂ ਤੱਕ ਮੈਂ ਕਿਸੇ ਕੰਮ ਨੂੰ ਕਰਨ ਲਈ ਅਗਵਾਈ ਮਹਿਸੂਸ ਨਹੀਂ ਕਰਦਾ। ਅਤੇ ਇਹ ਸਵੇਰ

ਤੋਂ ਪਹਿਲਾਂ ਹੋ ਸਕਦਾ ਹੈ, ਮੈਂ ਕੈਲੀਫੋਰਨੀਆ ਲਈ ਉੱਡ ਸਕਦਾ ਹਾਂ, ਮੇਨ ਤੱਕ ਜਾਂ ਕਿਤੇ, ਜਿੱਥੇ ਉਹ ਮੈਨੂੰ ਬੁਲਾਵੇਗਾ। ਇਹੀ ਕਾਰਨ ਹੈ ਕਿ ਮੈਂ ਬਹੁਤ ਵਧੀਆ, ਲੰਬੇ ਸਫ਼ਰਨਾਮੇ ਨਿਰਧਾਰਿਤ ਨਹੀਂ ਕਰਦਾ, ਕਿਉਂਕਿ ਮੈਂ ਅਜਿਹਾ ਨਹੀਂ ਕਰ ਸਕਦਾ। ਮੇਰੀ ਸੇਵਕਾਈ ਇਸ ਤਰ੍ਹਾਂ ਨਹੀਂ ਕੱਟੀ ਗਈ ਹੈ, ਅਤੇ ਇਹ ਬਿਲਕੁਲ ਵੱਖਰੀ ਹੈ।

7 ਅਤੇ ਹੁਣ ਮੈਂ ਥੋੜਾ ਆਰਾਮ ਕਰਨ ਲਈ ਘਰ ਆਉਂਦਾ ਹਾਂ। ਮੈਂ ਇਸ ਆਖਰੀ ਸਭਾ ਵਿੱਚ, ਵੀਹ ਪੌਂਡ ਗੁਆ ਦਿੱਤੇ। ਅਤੇ ਭਾਈ ਮਰਸੀਅਰ ਅਤੇ ਭਾਈ ਗੋਡ, ਕੁਝ ਸਮਾਂ ਪਹਿਲਾਂ ਉੱਠੇ ਸਨ, ਅਤੇ ਕਿਹਾ, "ਭਾਈ ਬ੍ਰਨਹਾਮ, ਮੈਂ ਧਿਆਨ ਦਿੱਤਾ ਕਿ ਤੁਸੀਂ ਕੀ ਕਰਦੇ ਹੋ। ਤੁਸੀਂ ਆਪਣਾ ਸਾਰਾ ਦਿਲ ਇਸ ਵਿੱਚ ਲਗਾ ਦਿੰਦੇ ਹੋ।"

8 ਮੈਂ ਕਿਹਾ, "ਇਹ ਇੱਕੋ ਇੱਕ ਤਰੀਕਾ ਹੈ ਜਿਸ ਨਾਲ ਤੁਸੀਂ ਪ੍ਰਭੂ ਲਈ ਇੱਕ ਸਹੀ ਕਿਸਮ ਦਾ ਕੰਮ ਕਰ ਸਕਦੇ ਹੋ, ਕਿ ਜੋ ਕੁਝ ਵੀ ਤੁਹਾਡੇ ਕੋਲ ਹੈ ਉਸ ਨੂੰ ਮਸੀਹ ਲਈ ਸਭ ਤੋਂ ਮੂਹਰੇ ਲੱਗਾ ਦਿਓ; ਤੁਹਾਡੀ ਸਾਰੀ ਤਾਕਤ, ਤੁਹਾਡੀ ਸਾਰੀ ਆਤਮਾ, ਤੁਹਾਡਾ ਸਾਰਾ ਦਿਲ, ਤੁਹਾਡਾ ਸਾਰਾ ਦਿਮਾਗ, ਸਭ ਕੁਝ ਜੋ ਤੁਹਾਡੇ ਕੋਲ ਹੈ।" ਜਦੋਂ ਤੁਸੀਂ ਕੁਝ ਵੀ ਕਰ ਰਹੇ ਹੋ, ਇਸ ਨੂੰ ਸਹੀ ਕਰੋ ਜਾਂ ਬਿਲਕੁਲ ਨਾ ਕਰੋ, ਦੇਖੋ, ਇਸ ਨੂੰ ਇਕੱਲੇ ਛੱਡ ਦਿਓ। ਜੇ ਤੁਸੀਂ ਇੱਕ ਮਸੀਹੀ ਬਣਨ ਜਾ ਰਹੇ ਹੋ, ਤਾਂ ਜੋ ਕੁਝ ਵੀ ਤੁਹਾਡੇ ਕੋਲ ਹੈ ਮਸੀਹ ਵਿੱਚ ਪਾ ਦਿਓ, ਉਹ ਹੈ, ਤੁਹਾਡਾ ਸਮਾਂ, ਤੁਹਾਡੀ ਪ੍ਰਤਿਭਾ, ਤੁਹਾਡੀ ਹਰ ਚੀਜ਼।

9 ਮੈਂ ਹੁਣੇ ਹੀ ਇਸ ਨੌਜਵਾਨ ਸਾਥੀ ਨੂੰ ਦੇਖ ਰਿਹਾ ਹਾਂ। ਇਹ ਤੁਹਾਡੀ ਪਤਨੀ ਹੈ, ਭਾਈ ਬਰਨਜ਼, ਕੀ ਇਹ ਹੈ, ਉਹ ਨੌਜਵਾਨ ਜੋੜਾ, ਉੱਥੇ ਖੇਡਦਾ ਅਤੇ ਗਾਉਂਦਾ ਹੈ। ਅਤੇ—ਅਤੇ ਇਹ ਪਿਆਨੋ ਨਹੀਂ ਹੈ, ਨਾ ਹੀ ਇਹ ਕੋਈ ਔਰਗਨ ਹੈ, ਪਰ ਇਹ ਇੱਕ ਕਿਸਮ ਦਾ ਸਾਜ਼ ਹੈ, ਉਹ ਇਸ ਨੂੰ ਇੱਕ ਤੁਣਕਾ ਮਾਰਦੇ ਹਨ ਅਤੇ ਇਸਨੂੰ ਚੁੱਕਦੇ ਹਨ, ਅਤੇ ਪ੍ਰਭੂ ਲਈ ਕੁਝ ਕਰਦੇ ਹਨ। ਹੋ ਸਕਦਾ ਹੈ ਕਿ ਤੁਸੀਂ ਅਜਿਹਾ ਕਰ ਸਕੋ, ਅਤੇ ਗਾਓ, ਇਹ ਹੈ, ਰੂਹਾਂ ਨੂੰ ਜਿੱਤੋ। ਕੁਝ ਕਰੋ, ਚਾਹੇ ਕੁਝ ਵੀ। ਜੇ ਤੁਸੀਂ—ਤੁਸੀਂ ਸੀਟੀ ਵਜਾ ਸਕਦੇ ਹੋ, ਤਾਂ ਠੀਕ ਹੈ, ਤੁਸੀਂ ਸੀਟੀ ਵਜਾ ਸਕਦੇ ਹੋ। ਬਸ ਕੁਝ ਕਰੋ। ਸਿਰਫ਼ ਗਵਾਹੀ ਦਿਓ ਜਾਂ ਪਰਮੇਸ਼ੁਰ ਦੇ ਰਾਜ ਲਈ ਕੁਝ ਕਰੋ। ਜੋ ਕੁਝ ਵੀ ਤੁਹਾਡੇ ਕੋਲ ਹੈ, ਉਸ ਨੂੰ ਪਰਮੇਸ਼ੁਰ ਦੀ ਸੇਵਾ ਵਿੱਚ ਵਰਤੋ।

10 ਹੁਣ, ਅਸੀਂ ਜ਼ਿਆਦਾ ਦੇਰ ਰੁਕਣ ਦੀ ਕੋਸ਼ਿਸ਼ ਨਹੀਂ ਕਰਾਂਗੇ, ਕਿਉਂਕਿ ਮੈਂ ਜਾਣਦਾ ਹਾਂ ਕਿ ਤੁਸੀਂ ਕੰਮ ਕਰਦੇ ਹੋ। ਤੁਹਾਨੂੰ ਜਲਦੀ ਉੱਠਣਾ ਪਵੇਗਾ। ਅਤੇ ਮੈਂ ਹਰ ਸਵੇਰ ਨੂੰ ਗਿਲਹਰੀਆਂ ਦਾ ਸ਼ਿਕਾਰ ਕਰਨ ਜਾ ਰਿਹਾ ਹਾਂ। ਮੈਂ ਤੁਹਾਨੂੰ

ਸੱਚ ਦੱਸਾਂਗਾ। ਇਹੀ ਮੈਂ ਕਰ ਰਿਹਾ ਹਾਂ। ਇਸ ਲਈ ਮੈਂ ਘਰ ਆਇਆ ਹਾਂ, ਥੋੜਾ ਆਰਾਮ ਕਰਨਾ ਹੈ। ਅਤੇ ਇਸ ਲਈ ਮੈਂ ਉੱਠ ਰਿਹਾ ਹਾਂ, ਲਗਭਗ ਚਾਰ ਵਜੇ, ਅਤੇ ਜੰਗਲ ਵਿੱਚ ਜਾ ਰਿਹਾ ਹਾਂ ਅਤੇ, ਖੈਰ, ਥੋੜਾ ਜਿਹਾ ਸ਼ਿਕਾਰ ਕਰਦਾ ਹਾਂ ਅਤੇ ਸੌਂ ਜਾਂਦਾ ਹਾਂ। ਅਤੇ ਮੇਰਾ ਭਾਰ ਦੁਬਾਰਾ ਵੱਧ ਰਿਹਾ ਹੈ, ਇਸ ਲਈ ਮੈਂ ਆਰਾਮ ਕਰਾਂਗਾ, ਅਤੇ ਕੁਝ ਸਮੇਂ ਬਾਅਦ, ਜੇ ਤੁਸੀਂ...ਪ੍ਰਭੂ ਦੀ ਇੱਛਾ ਹੋਈ। ਅਤੇ ਸਭ ਕੁਝ ਠੀਕ ਹੈ।

11 ਠੀਕ ਹੈ, ਹੁਣ, ਅਸੀਂ ਤੁਹਾਡੀਆਂ ਬਾਈਬਲਾਂ ਵੱਲ ਮੁੜਾਂਗੇ। ਮੈਂ ਚਾਹੁੰਦਾ ਹਨ ਕਿ ਤੁਸੀਂ ਹਰ ਰਾਤ ਆਪਣੀਆਂ ਬਾਈਬਲਾਂ ਲੈ ਕੇ ਆਓ, ਕਿ ਤੁਸੀਂ... ਜਿਵੇਂ ਤੁਸੀਂ ਕਰ ਸਕਦੇ ਹੋ। ਜੇ ਕਿਸੇ ਕੋਲ ਥੋੜ੍ਹੇ ਦੀ ਕਮੀ ਹੈ, ਕੀ ਕੋਈ ਪਾਠ ਦੇ ਨਾਲ ਨਾਲ ਪਾਲਣਾ ਕਰਨਾ ਚਾਹੇਗਾ, ਅਸੀਂ ਇੱਥੇ ਕੁਝ ਪ੍ਰਾਪਤ ਕਰ ਲਿਆ ਹੈ, ਅਸੀਂ ਕਰਾਂਗੇ...ਕੁਝ ਸੇਵਾਦਾਰ ਉਨ੍ਹਾਂ ਨੂੰ ਪਹੁੰਚਾ ਦੇਣਗੇ। ਕੀ ਕਿਸੇ ਨੂੰ ਚਾਹੀਦੀ ਹੈ? ਖੈਰ, ਬਸ ਆਪਣਾ ਹੱਥ ਉੱਪਰ ਕਰੋ।

12 ਹੈਰਾਨ ਹਾਂ ਜੇ ਭਾਈ...ਡੋਕ, ਇੱਥੇ ਆਓ ਅਤੇ ਇਹ ਬਾਈਬਲਾਂ ਲੈ ਲਵੋ। ਤੁਸੀਂ ਉੱਥੇ ਨੇੜੇ ਖੜ੍ਹੇ ਹੋ, ਅਤੇ ਭਾਈ ਬਰਨਜ਼। ਕੀ ਇਹ ਸਹੀ ਹੈ, ਬਰਨਜ਼? ਮੈਂ ਉਸਨੂੰ ਕਹਿੰਦੇ ਸੁਣਿਆ...[ਭਾਈ ਕਹਿੰਦਾ ਹੈ, "ਕੋਨਰਾਡ।"—ਸੰਪਾ.] ਕੀ? ["ਕੋਨਰਾਡ।"] ਕੋਨਰਾਡ। ਮੈਂ ਉਸਨੂੰ ਬੁਲਾਇਆ...ਮੈਨੂੰ ਸੁਣਨਾ ਬਹੁਤ ਔਖਾ ਹੋ ਰਿਹਾ ਹੈ, ਸ਼ਾਇਦ, ਭਾਈ ਨੇਵਿਲ। ਮੈਨੂੰ ਉਸਦਾ ਨਾਮ ਬਰਨਜ਼ ਕਿਵੇਂ ਸਮਝ ਲਿਆ? ਮੈਂ ਉਸ ਆਦਮੀ ਦੇ ਚਿਹਰੇ ਨੂੰ ਜਾਣਦਾ ਹਾਂ, ਅਤੇ ਮੈਨੂੰ ਬੱਸ ਉਸਦਾ ਨਾਮ ਚੇਤੇ ਨਹੀਂ ਆ ਰਿਹਾ।

13 ਅਤੇ ਤੁਸੀਂ ਜਾਣਦੇ ਹੋ, ਜਿਵੇਂ-ਜਿਵੇਂ ਤੁਸੀਂ ਥੋੜ੍ਹੇ ਬਜੁਰਗ ਹੁੰਦੇ ਜਾਂਦੇ ਹੋ, ਮੈਨੂੰ ਇੱਕ ਗੱਲ ਪਤਾ ਲੱਗੀ ਹੈ, ਮੇਰੇ ਲਈ ਇਸ ਬਾਈਬਲ ਨੂੰ ਪੜ੍ਹਨਾ ਔਖਾ ਹੋ ਰਿਹਾ ਹੈ। ਅਤੇ ਮੈਨੂੰ ਐਨਕਾਂ ਪਹਿਨਣ ਬਾਰੇ ਸੋਚਣ ਤੋਂ ਹੀ ਨਫ਼ਰਤ ਹੈ, ਬਾਈਬਲ ਪੜ੍ਹਨ ਲਈ।

14 ਪਰ, ਇੱਥੇ ਕੁਝ ਸਮਾਂ ਪਹਿਲਾਂ, ਮੈਂ ਸੋਚਿਆ ਕਿ ਮੈਂ ਅੰਨ੍ਹਾ ਹੋ ਰਿਹਾ ਹਾਂ। ਅਤੇ ਮੈਂ ਸੈਮ ਨੂੰ ਮਿਲਣ ਗਿਆ। ਅਤੇ ਸੈਮ ਨੇ ਕਿਹਾ, "ਬਿੱਲ, ਮੈਨੂੰ ਨਹੀਂ ਪਤਾ।" ਕਿਹਾ, "ਮੈਂ ਤੁਹਾਡੀ ਕਿਸੇ ਮਾਹਰ ਨਾਲ ਮੁਲਾਕਾਤ ਕਰਵਾਵਾਂਗਾ।"

15 ਮੈਂ ਲੁਈਸਵਿਲ ਗਿਆ। ਇਹ ਜਰੂਰ ਪ੍ਰਭੂ ਦੀ ਮਰਜ਼ੀ ਹੋਵੇਗੀ। ਕੋਈ ਮਸ਼ਹੂਰ ਮਾਹਰ; ਮੈਂ ਹੁਣ ਉਸਦਾ ਨਾਮ ਭੁੱਲ ਗਿਆ ਹਾਂ। ਪਰ ਉਸਨੇ ਮੇਰੀ ਕਿਤਾਬ ਪੜ੍ਹੀ ਸੀ। ਅਤੇ ਉਸਨੇ ਕਿਹਾ, "ਜੇਕਰ ਤੁਸੀਂ ਕਦੇ ਅਫ਼ਰੀਕਾ ਵਾਪਸ ਜਾਂਦੇ ਹੋ, ਤਾਂ ਮੈਂ ਤੁਹਾਡੇ ਨਾਲ ਜਾਣਾ ਚਾਹੁੰਦਾ ਹਾਂ।" ਉਸ ਨੇ ਕਿਹਾ, "ਅਤੇ ਜੇਕਰ ਤੁਸੀਂ...ਉਹ ਅਫ਼ਰੀਕੀ ਲੋਕ ਤੁਹਾਨੂੰ ਪਿਆਰ ਕਰਦੇ ਹਨ।" ਅਤੇ

ਕਿਹਾ, "ਉਹ ਬਹੁਤ ਅੰਧਵਿਸ਼ਵਾਸੀ ਹਨ, ਖਾਸ ਕਰਕੇ ਚਾਕੂ ਨਾਲ, ਕੱਟਣ ਲਈ ਜਾਣ ਲਈ। ਇਸ ਲਈ," ਕਿਹਾ, "ਮੈਂ ਆਪਣੀ ਜ਼ਿੰਦਗੀ ਦੇ ਛੇ ਮਹੀਨੇ, ਮੋਤੀਆਬਿੰਦ ਅਤੇ ਚੀਜ਼ਾਂ ਦੇ ਆਪਰੇਸ਼ਨ ਲਈ ਦੇਣਾ ਚਾਹੁੰਦਾ ਹਾਂ...ਮਿਸ਼ਨ ਵਿੱਚ।" ਅਤੇ ਕਿਹਾ, "ਜੇ ਅਸੀਂ ਇਕੱਠੇ ਜਾ ਸਕਦੇ ਹਾਂ, ਅਤੇ ਤੁਸੀਂ ਉਨ੍ਹਾਂ ਦਾ ਪੱਖ ਜਿੱਤ ਸਕਦੇ ਹੋ, ਇਸ ਤਰ੍ਹਾਂ," ਕਿਹਾ, "ਫਿਰ ਜੇ ਉਹਨਾਂ ਕੋਲ ਮੋਤੀਆਬਿੰਦ ਅਤੇ ਅੱਖਾਂ ਦੇ ਕੰਮ ਸਨ," ਕਿਹਾ, "ਮੈਂ ਇਸਨੂੰ ਮੁਫ਼ਤ ਵਿੱਚ, ਦੇਣਾ ਪਸੰਦ ਕਰਾਂਗਾ, ਇਸਦੇ ਛੇ ਮਹੀਨੇ।" ਅਤੇ ਮੈਂ ਭੁੱਲ ਜਾਂਦਾ ਹਾਂ ਕਿ ਤੁਹਾਨੂੰ ਉਸ ਨਾਲ ਮੁਲਾਕਾਤ ਲਈ ਕਿੰਨਾ ਸਮਾਂ ਉਡੀਕ ਕਰਨੀ ਪੈਂਦੀ ਹੈ।

16 ਅਤੇ ਅਸੀਂ ਇੱਕ ਛੋਟੇ ਜਿਹੇ ਕਮਰੇ ਵਿੱਚ ਬੈਠੇ ਹੋਏ ਸੀ ਅਤੇ ਇਸ ਵਿੱਚ ਥੋੜਾ ਜਿਹਾ ਸੀ ਅਤੇ ਇਸ ਵਿੱਚ ਇੱਕ ਛੋਟੀ—ਛੋਟੀ ਜਿਹੀ ਲਾਲ ਬੱਤੀ ਚਾਲੂ ਸੀ, ਪਿਛਾਂਹ ਹਨੇਰੇ ਕਮਰੇ ਵਿੱਚ। ਕਿਉਂ, ਮੈਂ ਉਨ੍ਹਾਂ ਨੂੰ ਅੱਖਰਾਂ ਨੂੰ ਪੜ੍ਹ ਸਕਦਾ ਸੀ। ਇਹ ਵੀਹ ਬਟਾ ਵੀਹ ਸੀ। ਮੈਂ ਇਸਨੂੰ ਕਿਸੇ ਵੀ ਤਰੀਕੇ ਨਾਲ ਪੜ੍ਹ ਸਕਦਾ ਹਾਂ। ਅਤੇ ਉਸ ਨੇ ਇਸ ਨੂੰ ਪੰਦਰਾਂ ਬਟਾ ਪੰਦਰਾਂ ਤੇ ਰੱਖਿਆ, ਅਤੇ ਮੈਂ ਇਸਨੂੰ ਪੜ੍ਹ ਸਕਦਾ ਸੀ। ਅਤੇ ਇਸ ਨੂੰ ਦਸ-ਦਸ ਤੇ ਰੱਖਿਆ, ਅਤੇ ਮੈਂ ਇਸਨੂੰ ਪੜ੍ਹ ਸਕਦਾ ਸੀ। ਉਸ ਨੇ ਕਿਹਾ, "ਖੈਰ, ਤੁਹਾਡੀਆਂ ਅੱਖਾਂ ਵਿੱਚ ਬਹੁਤ ਜ਼ਿਆਦਾ ਪਰੇਸ਼ਾਨੀ ਨਹੀਂ ਹੈ।"

17 ਇਸ ਲਈ ਉਸ ਕੋਲ ਛੋਟੀ ਜਿਹੀ ਦੂਰਬੀਨ ਸੀ। ਉਸਨੇ ਇੱਕ ਛੋਟਾ ਜਿਹਾ ਯੰਤਰ ਉਸਦੇ ਪਿੱਛੇ ਲਗਾਇਆ, ਇੱਕ ਛੋਟੀ ਜਿਹੀ ਚੀਜ਼, ਤੁਸੀਂ ਜਾਣਦੇ ਹੋ। ਉਹ ਪੁਰਾਣੇ ਦੂਰਬੀਨ, ਕਿੰਨਿਆਂ ਨੂੰ ਯਾਦ ਹਨ? ਅਸੀਂ ਉਨ੍ਹਾਂ ਵਿੱਚੋਂ ਦੇਖਦੇ ਹੁੰਦੇ ਸੀ, ਤਸਵੀਰਾਂ ਦੇਖਦੇ ਸੀ, ਉਸੇ ਤਰ੍ਹਾਂ। ਅਤੇ ਉਸਨੇ ਕਿਹਾ, "ਕੀ ਤੁਸੀਂ ਉਸ ਨੂੰ ਪੜ੍ਹ ਸਕਦੇ ਹੋ?"

ਮੈਂ ਕਿਹਾ, "ਹਾਂ, ਸ਼੍ਰੀਮਾਨ।"

ਉਸ ਨੇ ਕਿਹਾ, "ਮੇਰੇ ਲਈ ਇਸ ਨੂੰ ਪੜ੍ਹੋ।"

18 ਇਸ ਵਿੱਚ ਇੱਕ, ਔਹ, ਇੱਕ ਪੂਰਾ ਪੈਰਾ ਸੀ, ਲੱਗਭਗ *ਇਸ* ਤਰ੍ਹਾਂ। ਮੈਂ ਸ਼ੁਰੂ ਕੀਤਾ, ਪੜ੍ਹਿਆ; ਉਸਨੇ ਇਸਨੂੰ ਉੱਪਰ ਖਿੱਚਣਾ ਸ਼ੁਰੂ ਕਰ ਦਿੱਤਾ, *ਇਸ* ਤਰ੍ਹਾਂ, ਹੌਲੀ ਅਤੇ ਹੌਲੀ ਹੁੰਦਾ ਗਿਆ। ਉਹ ਲਗਭਗ *ਇਸ* ਤਰ੍ਹਾਂ ਹੋ ਗਿਆ, ਮੈਂ ਰੁਕ ਗਿਆ। ਉਸ ਨੇ ਕਿਹਾ, "ਮੈਂ ਤੁਹਾਨੂੰ ਇੱਕ ਗੱਲ ਦੱਸ ਸਕਦਾ ਹਾਂ, ਤੁਸੀਂ ਚਾਲੀ ਸਾਲ ਦੇ ਹੋ।"

ਮੈਂ ਕਿਹਾ, "ਹਾਂ, ਇਹ ਸਹੀ ਹੈ, ਇਸ ਤੋਂ ਵੀ ਬਹੁਤ ਜਿਆਦਾ ਹਾਂ।"

19 ਉਸ ਨੇ ਕਿਹਾ, "ਤੁਸੀਂ ਇਹ ਕਿਵੇਂ ਕੀਤਾ ਹੈ?" ਉਸ ਨੇ ਕਿਹਾ, "ਮਨੁੱਖੀ ਅੱਖ, ਕੁਦਰਤੀ ਤੌਰ ਤੇ, ਜਦੋਂ ਤੁਸੀਂ ਚਾਲੀ ਸਾਲ ਦੇ ਹੋ ਜਾਂਦੇ ਹੋ, ਜਿਵੇਂ ਤੁਹਾਡੇ

ਵਾਲ ਸਲੇਟੀ ਹੋ ਜਾਂਦੇ ਹਨ, ਅਤੇ ਇਸ ਤਰ੍ਹਾਂ ਅੱਗੇ, ਅੱਖ ਦਾ ਗੋਲਾ ਪੱਧਰਾ ਹੋ ਜਾਂਦਾ ਹੈ।" ਕਿਹਾ, "ਹੁਣ, ਜੇ ਤੁਸੀਂ ਲੰਬੇ ਸਮੇਂ ਤੱਕ ਜੀਉਂਦੇ ਹੋ, ਤਾਂ ਇਹ ਦੁਬਾਰਾ ਵਾਪਸ ਆ ਜਾਵੇਗਾ।" ਉਸ ਨੇ ਕਿਹਾ, "ਉਹ ਦੂਜੀ ਨਜ਼ਰ, ਉਹ ਇਸਨੂੰ ਕਹਿੰਦੇ ਹਨ। ਪਰ," ਕਿਹਾ, "ਇੱਕ ਮਨੁੱਖ, ਲਗਭਗ ਚਾਲੀ ਸਾਲ ਵਿੱਚ, ਅਸਲ ਵਿੱਚ..." ਕਿਹਾ, "ਉਨ੍ਹਾਂ ਦੀਆਂ ਅੱਖਾਂ ਵਿਚ ਕੁਝ ਵੀ ਗਲਤ ਨਹੀਂ ਹੈ।"

20 ਮੈਂ—ਮੈਂ ਇੱਕ ਵਾਲ ਦੇਖ ਸਕਦਾ ਹਾਂ ਜੇਕਰ ਇਹ ਫਰਸ਼ ਤੇ ਪਿਆ ਹੋਵੇ, ਜੋ ਮੇਰੇ ਤੋਂ ਡਿੱਗਿਆ ਹੋਵੇ। ਪਰ ਮੇਰੇ ਨੇੜੇ ਹੋਵੋ...ਅਤੇ ਉਸਨੇ ਕਿਹਾ, "ਹੁਣ, ਤੁਸੀਂ ਆਪਣੀ ਬਾਈਬਲ ਪੜ੍ਹੋ," ਕਿਹਾ, "ਤੁਸੀਂ ਇਸਨੂੰ ਆਪਣੇ ਤੋਂ ਦੂਰ ਧੱਕਦੇ ਹੋ।" ਕਿਹਾ, "ਕੁਝ ਦੇਰ ਬਾਅਦ, ਤੁਹਾਡੀ ਬਾਂਹ ਕਾਫ਼ੀ ਲੰਬੀ ਨਹੀਂ ਹੋਵੇਗੀ, ਜਦੋਂ ਤੱਕ ਤੁਸੀਂ ਨਹੀਂ ਕਰ ਸਕਦੇ—ਇਸ ਨੂੰ ਫੜਨ ਲਈ ਕਾਫ਼ੀ ਦੂਰ ਤੱਕ ਨਹੀਂ ਜਾ ਸਕਦੇ।"

21 ਅਤੇ ਇਸ ਲਈ ਉਸਨੇ ਮੇਰੇ ਲਈ ਐਨਕਾਂ ਦਾ ਇੱਕ ਜੋੜਾ ਬਣਾਇਆ, ਅਤੇ ਹੇਠਲਾ ਹਿੱਸਾ ਜੋ ਤੁਸੀਂ ਵੇਖ ਸਕਦੇ ਹੋ, ਇਹ ਪੜ੍ਹਨ ਲਈ ਹੈ। ਉਸ ਨੇ ਕਿਹਾ, "ਹੁਣ, ਤੁਹਾਡੇ ਪੁਲਪਿਟ ਵਿੱਚ..." ਉਸ ਨੇ ਸੋਚਿਆ ਕਿ ਮੈਂ ਇੱਥੇ ਇਹਨਾਂ ਮਾਣਯੋਗ ਪ੍ਰਚਾਰਕਾਂ ਵਿੱਚੋਂ ਇੱਕ ਹਾਂ, ਤੁਸੀਂ ਜਾਣਦੇ ਹੋ। ਅਤੇ ਇਸ ਲਈ ਕਿਹਾ ਕਿ...ਤੁਸੀਂ...ਉਪਰ ਦਾ ਹਿੱਸਾ ਸਿਰਫ ਸਾਧਾਰਣ ਸ਼ੀਸ਼ਾ ਹੈ, ਸਿਰਫ ਸਾਧਾਰਣ ਸ਼ੀਸ਼ਾ ਹੈ। ਅਤੇ ਹੇਠਲੇ ਹਿੱਸੇ ਵਿੱਚ ਕੁਝ ਮਿਲਾਇਆ ਹੋਇਆ ਹੈ, ਕਿ ਮੈਂ ਇਸਨੂੰ ਨੇੜੇ ਤੋਂ ਪੜ੍ਹ ਸਕਦਾ ਹਾਂ, ਤੁਸੀਂ ਜਾਣਦੇ ਹੋ, *ਇਸ ਤਰ੍ਹਾਂ*। ਇਸ ਲਈ ਮੈਂ ਉਹਨਾਂ ਨੂੰ ਪਾਉਣ ਤੋਂ ਨਫ਼ਰਤ ਕਰਦਾ ਹਾਂ; ਮੈਂ ਕਰਦਾ ਹਾਂ।

22 ਅਤੇ ਹੁਣ, ਬਾਈਬਲ ਦੀ ਸਿੱਖਿਆ ਵਿੱਚ, ਅਤੇ ਅੱਜ ਰਾਤ ਮੇਰੇ ਕੋਲ ਨਵਾਂ ਨੇਮ ਹੈ। ਇਸ ਲਈ ਇਹ ਹੈ...ਮੈਨੂੰ ਕੋਲਿਨਜ਼ ਨਿਊ ਟੈਸਟਾਮੈਂਟ ਹੈ ਅਤੇ ਇਸ ਦੀ ਵਧੀਆ ਆਕਾਰ ਦੀ ਛਪਾਈ ਹੈ। ਪਰ ਹੁਣ, ਜਦੋਂ ਮੈਂ ਦੂਸਰੀ ਵਾਪਸ ਪਾਉਂਦਾ ਹਾਂ, ਮੈਨੂੰ—ਮੈਨੂੰ ਉਨ੍ਹਾਂ ਪੁਰਾਣੇ ਦੋਸਤਾਂ ਕੋਲ ਜਾਣਾ ਪੈ ਸਕਦਾ ਹੈ, ਅਤੇ—ਅਤੇ ਉਹਨਾਂ ਦੁਆਰਾ ਪੜ੍ਹਨਾ ਪੈ ਸਕਦਾ ਹੈ। ਪਰ ਜੋ ਵੀ ਹੈ, ਮੈਨੂੰ—ਮੈਨੂੰ ਖੁਸ਼ੀ ਹੈ ਕਿ ਮੇਰੇ ਕੋਲ ਕੁਝ ਹੈ ਜਿਸ ਨਾਲ ਮੈਂ—ਮੈਂ ਅਜੇ ਵੀ ਪੜ੍ਹ ਸਕਦਾ ਹਾਂ। ਅਤੇ—ਅਤੇ—ਅਤੇ ਜੋ ਵੀ ਮੈਨੂੰ ਮਿਲਿਆ, ਮੈਂ ਹਰ ਕਿਸੇ ਨੂੰ ਉਹ ਸਭ ਕੁਝ ਦੇਣ ਜਾ ਰਿਹਾ ਹਾਂ ਜੋ ਮੈਂ ਕਰ ਸਕਦਾ ਹਾਂ, ਪਰਮੇਸ਼ੁਰ ਦੀ ਮਹਿਮਾ ਲਈ, ਉਮੀਦ ਹੈ ਕਿ ਉਹ ਉਸ ਉਮਰ ਦੇ ਚਿੰਨ੍ਹ ਨੂੰ ਦੂਰ ਕਰ ਦੇਵੇਗਾ। ਮੈਂ ਉਸਨੂੰ ਮੇਰੀ ਉਮਰ ਦੂਰ ਕਰਨ ਲਈ ਨਹੀਂ ਕਹਿ ਸਕਦਾ। ਮੈਂ...ਹਾਂ, ਇਹ ਸਿਰਫ਼ ਇੱਕ ਚੀਜ਼ ਹੈ ਜੋ ਸਾਨੂੰ ਸਾਰਿਆਂ ਨੂੰ ਕਰਨੀ ਚਾਹੀਦੀ ਹੈ। ਸਾਨੂੰ ਉਸ ਵਿੱਚੋਂ

ਲੰਘਣਾ ਪਏਗਾ। ਅਤੇ ਮੈਂ ਜਾਣਦਾ ਹਾਂ ਕਿ ਜਦ ਮੈਂ ਇੱਥੇ ਮੰਚ ਤੇ ਖੜ੍ਹਾ ਹਾਂ, ਮੈਂ ਇੱਕ ਛੋਟਾ ਮੁੰਡਾ ਨਹੀਂ ਹਾਂ ਜਿਵੇਂ ਮੈਂ ਪਹਿਲਾਂ ਹੁੰਦਾ ਸੀ। ਮੈਂ ਅਠਤਾਲੀ ਸਾਲ ਦਾ ਹਾਂ। ਅਤੇ ਜ਼ਰਾ ਸੋਚੋ, ਦੋ ਸਾਲ ਹੋਰ, ਪੰਜਾਹ ਸਾਲ ਦਾ ਹੋ ਜਾਵਾਂਗਾ, ਭਾਈ ਮਾਈਕ।

23 ਮੇਰੇ, ਮੁਸ਼ਕਿਲ ਨਾਲ ਇਸ ਤੇ ਵਿਸ਼ਵਾਸ ਨਹੀਂ ਕਰ ਸਕਦਾ! ਮੈਨੂੰ ਹੁਣੇ ਹੀ…ਮੈਨੂੰ ਦੋ ਸਾਲ ਪਹਿਲਾਂ ਕਦੇ ਨਹੀਂ ਪਤਾ ਸੀ ਕਿ ਮੈਂ ਵੀਹ ਸਾਲ ਟੱਪ ਚੁੱਕਾ ਸੀ। ਇਹ ਠੀਕ ਹੈ। ਇਹ ਠੀਕ ਹੈ। ਮੈਨੂੰ ਹੁਣੇ ਹੀ…ਮੈਂ ਇਸ ਤੇ ਵਿਸ਼ਵਾਸ ਨਹੀਂ ਕਰ ਸਕਿਆ। ਅਤੇ ਫਿਰ ਵੀ ਮੈਂ—ਮੈਂ…ਜਦ ਤਕ ਮੈਂ ਐਨਕ ਵਿੱਚੋਂ ਨਾ ਵੇਖਾਂ ਮੇਰੇ ਲਈ ਵਿਸ਼ਵਾਸ ਕਰਨਾ ਔਖਾ ਹੈ, ਅਤੇ ਤਦ ਮੈਨੂੰ—ਮੈਨੂੰ ਪਤਾ ਲੱਗਦਾ ਹੈ ਕਿ ਇਹ ਹੈ, ਤਦ। ਪਰ—ਪਰ ਸਿਰਫ ਦੇਖਣ ਲਈ, ਮੈਂ ਓਨਾ ਹੀ ਚੰਗਾ ਮਹਿਸੂਸ ਕਰਦਾ ਹਾਂ ਜਿੰਨਾ ਮੈਂ ਆਪਣੀ ਜ਼ਿੰਦਗੀ ਵਿੱਚ ਮਹਿਸੂਸ ਕੀਤਾ ਸੀ, ਅਤੇ ਮੈਂ ਇਸਦੇ ਲਈ ਵੀ, ਧੰਨਵਾਦੀ ਹਾਂ। ਸਾਰੀ ਮਹਿਮਾ ਪਰਮੇਸ਼ੁਰ ਨੂੰ ਮਿਲੇ।

24 ਹੁਣ, ਅਸੀਂ ਇਬਰਾਨੀਆਂ ਦੀ ਕਿਤਾਬ ਦਾ ਅਧਿਐਨ ਕਰ ਰਹੇ ਹਾਂ। ਇਹ ਹੁੰਦਾ ਰਿਹਾ ਹੈ…ਔਹ, ਇਹ ਬਾਈਬਲ ਦੀਆਂ ਸਭ ਤੋਂ ਡੂੰਘੀਆਂ, ਸਭ ਤੋਂ ਮਾਲਦਾਰ ਕਿਤਾਬਾਂ ਵਿੱਚੋਂ ਇੱਕ ਹੈ। ਮੈਂ ਤੁਹਾਨੂੰ ਦੱਸਦਾ ਹਾਂ, ਇਹ ਇੱਕ ਕਿਤਾਬ ਹੈ ਜੋ ਅਸਲ ਵਿੱਚ…ਜੇ ਪਰਮੇਸ਼ੁਰ ਇਜਾਜ਼ਤ ਦਿੰਦਾ ਹੈ, ਅਤੇ ਅਸੀਂ ਇਸ ਵਿੱਚ ਆ ਜਾਂਦੇ ਹਾਂ, ਮੇਰਾ ਮੰਨਣਾ ਹੈ ਕਿ ਅਸੀਂ ਐਨੇ ਸੁਨਹਿਰੀ ਰਤਨ ਪਾਵਾਂਗੇ ਕਿ ਅਸੀਂ ਹਰ ਸਮੇਂ ਪਰਮੇਸ਼ੁਰ ਦੀ ਉਸਤਤ ਕਰਦੇ ਰਹਾਂਗੇ। ਅਤੇ ਹੁਣ ਮੈਂ…

25 ਇਬਰਾਨੀਆਂ ਦੀ ਕਿਤਾਬ, ਅਸਲ ਵਿੱਚ ਇਹ ਕੀ ਹੈ, ਇਹ ਸੰਤ ਪੌਲੂਸ ਦੁਆਰਾ ਲਿਖੀ ਗਈ ਹੈ, ਸਭ ਤੋਂ ਮਹਾਨ ਬਾਈਬਲ ਵਿਆਖਿਆਕਾਰ, ਮੇਰਾ ਅੰਦਾਜ਼ਾ ਹੈ, ਸਾਡੇ ਪ੍ਰਭੂ ਯਿਸੂ ਮਸੀਹ ਤੋਂ ਬਾਅਦ, ਜੋ ਸੰਸਾਰ ਕੋਲ ਕਦੇ ਵੀ ਸੀ। ਅਤੇ ਪੌਲੁਸ ਨੂੰ ਵੱਖ ਕਰ ਰਿਹਾ ਸੀ…ਹੁਣ, ਪੌਲੁਸ ਇੱਕ ਅਸਲੀ ਬਾਈਬਲ ਸਿੱਖਿਅਕ ਸੀ; ਇਹ ਹੈ, ਪੁਰਾਣਾ ਨੇਮ। ਉਦੋਂ ਇਹ ਇੱਕੋ ਇੱਕ ਕਿਤਾਬ ਲਿਖੀ ਗਈ ਸੀ, ਜਿਸਨੂੰ ਬਾਈਬਲ ਕਿਹਾ ਜਾਂਦਾ ਹੈ। ਅਤੇ ਉਹ ਇਬਰਾਨੀਆਂ ਨੂੰ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਪੁਰਾਣੇ ਨੇਮ ਨੂੰ ਵੱਖ ਕਰਨਾ ਅਤੇ ਪੁਰਾਣੇ ਨੇਮ ਨੂੰ ਇੱਕ ਪਰਛਾਂਵਾਂ ਜਾਂ ਨਵੇਂ ਦੀ ਇੱਕ ਕਿਸਮ ਦੇ ਰੂਪ ਵਿੱਚ ਦਿਖਾਉਣਾ।

26 ਉੱਥੇ ਹੀ ਅਸੀਂ ਇੱਕ ਘਰ ਦੀ ਲਕੀਰ ਖਿੱਚ ਸਕਦੇ ਹਾਂ ਅਤੇ ਉਸੇ ਇੱਕ ਵਿਚਾਰ ਤੇ ਤਿੰਨ ਮਹੀਨੇ ਰੁਕ ਸਕਦੇ ਹਾਂ, ਉੱਥੇ ਹੀ। ਵਾਪਸ ਜਾਣ ਲਈ, ਜੇਕਰ ਅਸੀਂ ਹੁਣ ਆਪਣੀਆਂ ਬਾਈਬਲਾਂ ਵੱਲ ਮੁੜੀਏ, ਤਾਂ ਅਸੀਂ ਇਬਰਾਨੀਆਂ ਤੇ

ਹਾਂ, ਪਹਿਲਾ ਅਧਿਆਇ। ਪਰ ਜੇ ਅਸੀਂ ਪਰਕਾਸ਼ ਦੀ ਪੋਥੀ, 12ਵੇਂ ਅਧਿਆਇ ਵੱਲ ਮੁੜਦੇ ਹਾਂ, ਤਾਂ ਤੁਸੀਂ ਇਸਨੂੰ ਦੁਬਾਰਾ ਪੂਰੀ ਤਰ੍ਹਾਂ ਦੇਖੋਗੇ, ਪਰਛਾਵਾਂ ਕਿਵੇਂ ਬਣਦਾ ਹੈ। ਜੇ...ਤੁਹਾਡੇ ਕੋਲ ਤੁਹਾਡੀਆਂ ਪੈਨਸਿਲਾਂ ਹਨ ਅਤੇ ਤੁਸੀਂ ਲਿਖਤਾਂ ਨੂੰ ਲਿਖਣ ਜਾ ਰਹੇ ਹੋ। ਇਬ-...

27 ਪਰਕਾਸ਼ ਦੀ ਪੋਥੀ 11 ਵਿੱਚ, ਸਾਨੂੰ ਪਤਾ ਚਲਦਾ ਹੈ ਕਿ ਯੂਹੰਨਾ ਨੇ, ਪਾਤਮੁਸ ਟਾਪੂ ਵਿੱਚ, ਇੱਕ ਔਰਤ ਨੂੰ ਅਕਾਸ਼ ਵਿੱਚ ਖੜ੍ਹੀ ਦੇਖਿਆ, ਅਤੇ ਉਸਦੇ ਸਿਰ ਤੇ ਸੂਰਜ ਸੀ ਅਤੇ ਉਸਦੇ ਪੈਰਾਂ ਹੇਠ ਚੰਦ ਸੀ। ਅਤੇ ਔਰਤ ਜਣੇਪੇ ਵਿੱਚ ਸੀ, ਇੱਕ ਬੱਚੇ ਨੂੰ ਜਨਮ ਦੇਣ ਲਈ। ਉਸਨੇ ਇੱਕ ਮਰਦ ਬੱਚੇ ਨੂੰ ਜਨਮ ਦਿੱਤਾ। ਲਾਲ ਅਜਗਰ ਖੜ੍ਹਾ ਸੀ, ਬੱਚੇ ਦੇ ਪੈਦਾ ਹੁੰਦੇ ਹੀ ਉਸਨੂੰ ਨਿਗਲਣ ਲਈ। ਅਤੇ ਬੱਚਾ ਸਵਰਗ ਵਿੱਚ ਉਠਾਇਆ ਗਿਆ, ਅਤੇ ਔਰਤ ਉਜਾੜ ਵਿੱਚ ਭੱਜ ਗਈ ਜਿੱਥੇ ਉਸਨੂੰ ਇੱਕ ਸਮਾਂ, ਸਮਾਂ, ਅਤੇ ਅੱਧਾ ਸਮਾਂ, ਜਾਂ ਸਮੇਂ ਦੀ ਵੰਡ ਲਈ ਪੋਸ਼ਣ ਦਿੱਤਾ ਗਿਆ ਸੀ।

28 ਹੁਣ, ਔਰਤ ਕਲੀਸਿਯਾ ਨੂੰ ਦਿਖਾਉਂਦੀ ਸੀ, ਅਤੇ ਜਿਸ ਬੱਚੇ ਨੂੰ ਉਸਨੇ ਜਨਮ ਦਿੱਤਾ ਸੀ ਉਹ ਮਸੀਹ ਸੀ। ਉਸ ਦੇ ਪੈਰਾਂ ਹੇਠ ਚੰਦ ਸੀ ਕਾਨੂੰਨ, ਉਸ ਦੇ ਸਿਰ ਤੇ ਸੂਰਜ ਕਿਰਪਾ ਸੀ। ਉਸਦੇ ਤਾਜ ਵਿੱਚ ਬਾਰਾਂ ਤਾਰੇ ਬਾਰਾਂ ਰਸੂਲ ਸਨ। ਅਤੇ ਉਹੀ ਥਾਂ ਹੈ ਜਿੱਥੇ, ਕਿੱਥੇ...ਬਾਰਾਂ ਰਸੂਲ ਨਵੇਂ ਨੇਮ ਦੀ ਮਹਿਮਾ ਜਾਂ ਤਾਜ ਸਨ। ਸਮਝੇ? "ਕਿਉਂਕਿ ਜਿਹੜੀ ਨੀਂਹ ਪਹਿਲਾਂ ਰੱਖੀ ਗਈ ਹੈ, ਉਸ ਤੋਂ ਬਿਨਾਂ ਹੋਰ ਕੋਈ ਨੀਂਹ ਨਹੀਂ ਰੱਖੀ ਜਾ ਸਕਦੀ।" ਸਮਝੇ? ਇਹ, ਨੀਂਹ, ਨਵਾਂ—ਨਵਾਂ ਨੇਮ, ਰਸੂਲ, ਰਸੂਲਾਂ ਦਾ ਸਿਧਾਂਤ, ਅਤੇ ਆਦਿ ਆਦਿ, ਨਵੇਂ ਨੇਮ ਦਾ ਮੁੱਢਲਾ ਤਾਜ ਹੈ। ਅਤੇ ਫਿਰ...

29 ਚੰਦ ਸੂਰਜ ਦਾ ਪਰਛਾਵਾਂ ਹੈ। ਸੂਰਜ ਬਸ ਆਪਣੀ ਰੋਸ਼ਨੀ ਨੂੰ ਦਰਸਾਉਂਦਾ ਹੈ ਜਦੋਂ ਇਹ ਧਰਤੀ ਦੇ ਪਿੱਛੇ ਹੁੰਦਾ ਹੈ। ਅਤੇ ਚੰਦ ਰਾਤ ਨੂੰ, ਤੁਰਨ ਲਈ, ਰੋਸ਼ਨੀ ਦਿੰਦਾ ਹੈ। ਅਤੇ ਸਾਡੇ ਕੋਲ ਇੱਥੇ ਕਿੰਨੀ ਸੁੰਦਰ ਤਸਵੀਰ ਹੈ, ਇੱਕ ਹੋਰ ਸੁੰਦਰ ਤਸਵੀਰ: ਸੂਰਜ ਮਸੀਹ ਨੂੰ ਦਰਸਾਉਂਦਾ ਹੈ; ਚੰਦਰਮਾ ਕਲੀਸਿਯਾ ਨੂੰ ਦਰਸਾਉਂਦਾ ਹੈ। ਉਹ ਬਿਲਕੁਲ ਪਤੀ ਅਤੇ ਪਤਨੀ ਵਾਂਗ ਹਨ। ਅਤੇ ਮਸੀਹ ਦੀ ਗੈਰਹਾਜ਼ਰੀ ਵਿੱਚ, ਕਲੀਸਿਯਾ ਮਾਮੂਲੀ ਰੋਸ਼ਨੀ, ਇੰਜੀਲ ਨੂੰ ਦਰਸਾਉਂਦੀ ਹੈ। ਅਤੇ ਇਹ—ਇਹ ਚਾਨਣ ਹੈ ਜਦੋਂ ਤੱਕ ਪੁੱਤਰ ਦੁਬਾਰਾ ਨਹੀਂ ਉੱਠਦਾ, ਫਿਰ ਕਲੀਸਿਯਾ ਅਤੇ ਪੁੱਤਰ, ਚੰਦਰਮਾ ਅਤੇ ਸੂਰਜ, ਇਕੱਠੇ ਮਿਲ ਜਾਂਦੇ ਹਨ। ਸਮਝੇ? ਚੰਦ ਸੂਰਜ ਦਾ ਇੱਕ ਹਿੱਸਾ ਹੈ, ਅਤੇ ਕਲੀਸਿਯਾ ਮਸੀਹ ਦਾ ਇੱਕ ਹਿੱਸਾ ਹੈ। ਅਤੇ ਜਦੋਂ ਮਸੀਹ ਦੀ ਗੈਰਹਾਜ਼ਰੀ ਹੁੰਦੀ ਹੈ, ਤਾਂ ਚਰਚ ਉਸਦੇ ਪ੍ਰਕਾਸ਼ ਨੂੰ ਵਿਖਾਉਂਦੀ ਹੈ। ਅਤੇ ਫਿਰ ਜਿੰਨਾ ਯਕੀਨ ਹੈ ਕਿ ਅਸੀਂ ਚੰਦ ਨੂੰ

ਚਮਕਦਾ ਦੇਖ ਸਕਦੇ ਹਾਂ, ਇਹ ਜਾਣਦਾ ਹੈ ਕਿ ਸੂਰਜ ਕਿਤੇ ਚਮਕ ਰਿਹਾ ਹੈ। ਅਤੇ ਜਿੰਨਾ ਚਿਰ ਕਲੀਸਿਯਾ ਮਸੀਹ ਦੇ ਪ੍ਰਕਾਸ਼ ਨੂੰ ਪ੍ਰਤੀਬਿੰਬਤ ਕਰ ਰਹੀ ਹੈ, ਮਸੀਹ ਕਿਤੇ ਜ਼ਿੰਦਾ ਹੈ। ਆਮੀਨ। ਇਸ ਬਾਰੇ ਸੋਚੋ।

30 ਹੁਣ, ਸ਼ਰਾ ਇੱਕ ਕਿਸਮ ਦੀ ਕਿਰਪਾ ਸੀ, ਪਰ ਸ਼ਰਾ ਵਿੱਚ ਕੋਈ ਬਚਾਉਣ ਦੀ ਸ਼ਕਤੀ ਨਹੀਂ ਸੀ। ਸ਼ਰਾ ਸਿਰਫ ਇੱਕ…ਸ਼ਰਾ ਇੱਕ ਪੁਲਿਸ ਵਾਲਾ ਸੀ। ਪੁਲਿਸ ਵਾਲੇ ਨੇ ਤੁਹਾਨੂੰ ਜੇਲ੍ਹ ਵਿੱਚ ਪਾ ਦਿੱਤਾ, ਪਰ, ਤੁਸੀਂ ਦੇਖੋ, ਤੁਹਾਨੂੰ ਜੇਲ੍ਹ ਵਿੱਚੋਂ ਬਾਹਰ ਕੱਢਣ ਲਈ ਕਿਰਪਾ ਦੀ ਲੋੜ ਸੀ। ਸਮਝੇ?

31 ਇਸ ਲਈ ਮਸੀਹ ਦਾ ਲਹੂ, ਇੰਜੀਲ, ਸਾਨੂੰ ਪਾਪ ਤੋਂ ਬਚਾਉਂਦਾ ਹੈ। ਸ਼ਰਾ ਸਿਰਫ਼ ਸਾਨੂੰ ਪਾਪੀ ਬਣਾਉਂਦੀ ਹੈ। ਸ਼ਰਾ ਨੇ ਸਿਰਫ ਕਿਹਾ, "ਤੁਸੀਂ ਇੱਕ ਪਾਪੀ ਹੋ। ਤੁਸੀਂ ਚੋਰੀ ਨਾ ਕਰੋ। ਤੂੰ ਵਿਭਚਾਰ ਨਾ ਕਰ। ਤੁਹਾਨੂੰ ਝੂਠੀ ਗਵਾਹੀ ਨਹੀਂ ਦੇਣੀ ਚਾਹੀਦੀ।" ਸਮਝੇ? ਇਹ ਇੱਕ ਪੁਲਿਸ ਵਾਲਾ ਹੈ ਜੋ ਕਹਿੰਦਾ ਹੈ ਕਿ ਤੁਸੀਂ ਗਲਤ ਹੋ ਅਤੇ ਤੁਸੀਂ ਦੋਸ਼ੀ ਹੋ। ਪਰ ਇੰਜੀਲ ਖੁਸ਼ਖਬਰੀ ਹੈ। ਮਸੀਹ ਸਾਨੂੰ ਸਾਡੇ ਸਾਰੇ ਅਪਰਾਧਾਂ, ਕਾਨੂੰਨ ਦੇ ਉਲੰਘਣ ਤੋਂ ਬਚਾਉਣ ਲਈ ਮਰਿਆ। ਮਸੀਹ ਸਾਨੂੰ ਬਾਹਰ ਕੱਢਣ ਲਈ ਮਰਿਆ।

32 ਹੁਣ, ਪੌਲੁਸ, ਜਿਵੇਂ ਹੀ ਉਹ ਬਦਲ ਗਿਆ ਸੀ, ਉਸਨੇ ਕਦੇ ਵੀ ਕਿਸੇ ਵੀ ਸੈਮੀਨਰੀ ਨਾਲ ਸਲਾਹ ਨਹੀਂ ਕੀਤੀ, ਨਾ ਹੀ ਉਸਨੇ ਕਿਸੇ ਸੇਵਕ ਨਾਲ ਸਲਾਹ ਕੀਤੀ। ਪਰ ਕੀ ਤੁਸੀਂ ਧਿਆਨ ਦਿੱਤਾ? ਉਹ ਅਰਬ ਵਿੱਚ ਗਿਆ, ਅਤੇ ਉੱਥੇ ਤਿੰਨ ਸਾਲ, ਅਰਬ ਵਿੱਚ ਰਿਹਾ। ਹੁਣ, ਇਹ ਹੈ, ਮੇਰੇ ਵਿਚਾਰ ਅਨੁਸਾਰ, ਉਹ…

33 ਹੁਣ, ਸਾਨੂੰ ਇਸਦੇ ਪਿਛੋਕੜ ਵਿੱਚ ਜਾਣਾ ਪਏਗਾ, ਤਾਂ ਜੋ ਅਸੀਂ ਜਾਣੀਏ ਕਿ ਇਹ ਕਿੰਨਾ ਮਹੱਤਵਪੂਰਣ ਹੈ। ਅਤੇ ਅੱਜ ਰਾਤ, ਪਹਿਲੇ ਪਾਠ ਵਿੱਚ, ਅਸੀਂ ਆਪਣੇ ਪਿਛੋਕੜ ਵਿੱਚ ਜਾਂਦੇ ਹਾਂ।

34 ਹੁਣ, ਪੌਲੁਸ ਇੱਕ ਅਜਿਹਾ ਬਾਈਬਲ ਦਾ ਉਸਦਾਤ ਸੀ, ਕਿਉਂਕਿ ਉਸ ਨੂੰ ਉਸ ਨੂੰ ਮਹਾਨ, ਮਸ਼ਹੂਰ ਗਮਲੀਏਲ ਦੇ ਅਧੀਨ ਸਿਖਾਇਆ ਗਿਆ ਸੀ। ਅਤੇ ਉਹ ਉਸ ਸਮੇਂ ਦੇ ਸਭ ਤੋਂ ਜਾਣੇ-ਪਛਾਣੇ, ਸ਼ਰਾ ਦੇ ਮਹਾਨ ਉਸਤਾਦਾਂ ਅਤੇ ਨਬੀਆਂ ਵਿੱਚੋਂ ਇੱਕ ਸੀ। ਇਸ ਲਈ, ਪੌਲੁਸ ਇਨ੍ਹਾਂ ਗੱਲਾਂ ਵਿਚ ਚੰਗੀ ਤਰ੍ਹਾਂ ਪੜ੍ਹਿਆ ਹੋਇਆ ਸੀ।

35 ਅਤੇ ਫਿਰ ਮੈਂ ਉਸਨੂੰ ਇਸ ਤਰ੍ਹਾਂ ਪਸੰਦ ਕਰਦਾ ਹਾਂ, ਇਹ ਮਹਾਨ ਪ੍ਰਕਾਸ਼ਨ, ਉਹ ਦਿਲ ਤੋਂ ਇਮਾਨਦਾਰ ਸੀ, ਇੱਕ ਕਾਤਲ, ਉਸ ਨੇ ਇਸਤੀਫ਼ਾਨ ਦੀ ਮੌਤ ਲਈ ਸਹਿਮਤੀ ਦਿੱਤੀ ਸੀ ਅਤੇ ਇਸਤੀਫ਼ਾਨ ਨੂੰ ਪੱਥਰਾਂ ਅਤੇ ਢੇਮਾਂ ਨਾਲ ਮਾਰੇ ਜਾਂਦੇ ਹੋਏ ਵੇਖਿਆ। ਮੈਂ ਸੋਚਦਾ ਹਾਂ ਕਿ ਇਹ ਪੌਲੁਸ ਦੇ ਨੇੜੇ ਹੋਇਆ

ਹੋਵੇਗਾ ਜਦੋਂ ਉਸਨੇ ਇਸਤੀਫ਼ਾਨ ਨੂੰ ਸਵਰਗ ਵੱਲ ਆਪਣੇ ਹੱਥ ਉਠਾਉਂਦੇ ਹੋਏ ਦੇਖਿਆ, ਅਤੇ ਕਿਹਾ, "ਮੈਂ ਆਕਾਸ਼ ਨੂੰ ਖੁੱਲ੍ਹਾ ਦੇਖਦਾ ਹਾਂ। ਮੈਂ ਯਿਸੂ ਨੂੰ ਪਰਮੇਸ਼ੁਰ ਦੇ ਸੱਜੇ ਪਾਸੇ ਖੜ੍ਹਾ ਦੇਖਦਾ ਹਾਂ।" ਅਤੇ ਉਸਨੇ ਕਿਹਾ, "ਪਿਤਾ, ਉਨ੍ਹਾਂ ਉੱਤੇ ਇਸ ਪਾਪ ਦਾ ਇਹ ਦੋਸ਼ ਨਾ ਮੜ੍ਹਨਾ।" ਅਤੇ ਉਹ ਸੌਂ ਗਿਆ।

36 ਕੀ ਤੁਸੀਂ ਧਿਆਨ ਦਿੱਤਾ? ਉਹ ਕਦੇ ਨਹੀਂ ਮਰਿਆ। ਉਹ ਸੌਂ ਗਿਆ। ਬਸ ਇੱਦਾ...ਮੈਨੂੰ ਵਿਸ਼ਵਾਸ ਹੈ ਕਿ ਉਸਨੇ ਇੱਕ ਵੀ ਹੋਰ ਪੱਥਰ ਨੂੰ ਮਹਿਸੂਸ ਨਹੀਂ ਕੀਤਾ। ਜਿਵੇਂ ਇੱਕ ਬੱਚਾ ਆਪਣੀ ਮਾਂ ਦੀ ਛਾਤੀ ਤੇ ਸੌਂ ਜਾਂਦਾ ਹੈ, ਇਸਤੀਫ਼ਾਨ ਪਰਮੇਸ਼ੁਰ ਦੀਆਂ ਬਾਹਾਂ ਵਿੱਚ ਸੌਂ ਗਿਆ।

37 ਪੌਲੁਸ ਬਾਰੇ, ਕੁਝ ਅਜਿਹਾ ਹੈ, ਜੋ ਉਸ ਦੇ ਵਿੱਚ ਸਮਾ ਗਿਆ। ਫਿਰ ਉਹ, ਕੋਈ ਵੀ ਆਦਮੀ ਜਿਸ ਨੇ ਧਾਰਨਾ ਧਾਰੀ ਹੋਵੇ, ਇਸ ਨਾਲ ਲੜਨ ਦੀ ਕੋਸ਼ਿਸ਼ ਕਰਦਾ ਹੈ, ਉਹ ਮਹਾਂ ਜਾਜਕ ਕੋਲ ਜਾਂਦਾ ਹੈ ਅਤੇ ਕੁਝ ਚਿੱਠੀਆਂ ਲੈਂਦਾ ਹੈ। ਕਿਹਾ, "ਮੈਂ ਉਨ੍ਹਾਂ ਸਾਰੇ ਲੋਕਾਂ ਨੂੰ ਗ੍ਰਿਫਤਾਰ ਕਰਾਂਗਾ ਜੋ ਇਹ ਸਾਰਾ ਰੌਲਾ ਪਾ ਰਹੇ ਹਨ, ਅਤੇ ਉਨ੍ਹਾਂ ਅਧਰਮੀ ਲੋਕਾਂ ਨੂੰ;" ਜਿਸਨੂੰ ਮੰਨਿਆ ਜਾਂਦਾ ਸੀ, ਅੱਜ ਅਸੀਂ ਕੀ ਕਹਾਂਗੇ, ਕੁਝ "ਕੱਟੜਪੰਥੀ," ਜਾਂ ਅਜਿਹਾ ਕੁਝ, ਜਿਹੜੇ ਬਹੁਤ ਜ਼ਿਆਦਾ ਰੌਲਾ ਪਾਉਂਦੇ ਅਤੇ ਗੜਬੜ ਪੈਦਾ ਕਰਦੇ ਹਨ। "ਅਸੀਂ ਬੱਸ ਹੇਠਾਂ ਜਾਵਾਂਗੇ ਅਤੇ ਇਸਦਾ ਨਿਪਟਾਰਾ ਕਰਾਂਗੇ।"

38 ਅਤੇ ਉਸਦੇ ਰਾਹ ਵਿੱਚ, ਥੋੜਾ ਜਿਹਾ ਪੁਰਾਣਾ...ਉਸ ਵਰਗਾ ਵਧੀਆ ਰਾਜਮਾਰਗ ਨਹੀਂ ਜਿਸ ਤੇ ਅਸੀਂ ਸਫ਼ਰ ਕਰਦੇ ਹਾਂ। ਅਤੇ ਉਹ ਫਲਸਤੀਨ ਦੀਆਂ ਸੜਕਾਂ, ਸਿਰਫ ਛੋਟੀਆਂ ਪਗਡੰਡੀਆਂ, ਜਿਵੇਂ ਜੰਗਲਾਂ ਵਿੱਚੋਂ ਇੱਕ ਗਊ ਪਗਡੰਡੀ, ਜਿੱਥੇ ਪਸ਼ੂ, ਅਤੇ ਭੇਡਾਂ, ਘੋੜੇ, ਖੋਤੇ, ਅਤੇ ਊਠ, ਪਹਾੜੀਆਂ ਉੱਤੇ ਜਾਂਦੇ ਹਨ।

39 ਅਤੇ ਪੌਲੁਸ, ਇੱਕ ਦਿਨ, ਲਗਭਗ ਦੁਪਹਿਰ ਦੇ ਵੇਲੇ, ਦੰਮਿਸਕ ਨੂੰ ਦੇ ਰਾਹ ਤੇ ਸੀ, ਇੱਕ ਵੱਡੀ ਰੋਸ਼ਨੀ ਹੇਠਾਂ ਚਮਕਦੀ ਹੈ ਅਤੇ ਉਸਨੂੰ ਜ਼ਮੀਨ ਤੇ ਡੇਗ ਦਿੰਦੀ ਹੈ। ਇਸ ਨੂੰ ਪੌਲੁਸ ਤੋਂ ਬਿਨਾਂ ਕਿਸੇ ਨੇ ਨਹੀਂ ਦੇਖਿਆ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਵੱਲ ਧਿਆਨ ਦਿਓ। ਅਤੇ ਇੱਥੇ, ਇਹ ਹੁਣ ਨਿੱਜੀ ਨਹੀਂ ਹੈ, ਪਰ ਇਸ ਲਈ ਅਸੀਂ ਇਸ ਪਿਛੋਕੜ ਵਿੱਚ ਜਾ ਰਹੇ ਹਾਂ। ਤਾਂ ਜੋ ਤੁਸੀਂ ਜਾਣੋ ਕਿ ਉਹੀ ਯਿਸੂ...

40 ਹੁਣ, ਜਦੋਂ ਉਹ ਇੱਥੇ ਧਰਤੀ ਉੱਤੇ ਸੀ, ਉਸਨੇ ਕਿਹਾ, "ਮੈਂ ਪਰਮੇਸ਼ੁਰ ਤੋਂ ਆਇਆ ਹਾਂ, ਅਤੇ ਮੈਂ ਪਰਮੇਸ਼ੁਰ ਕੋਲ ਵਾਪਸ ਜਾਂਦਾ ਹਾਂ।"

41 ਹੁਣ, ਜਦੋਂ ਉਸਨੇ ਇਸਰਾਏਲ ਦੇ ਬੱਚਿਆਂ ਦੀ ਅਗਵਾਈ ਕੀਤੀ, ਉਹ ਅੱਗ ਦਾ ਥੰਮ੍ਹ ਸੀ। ਅਤੇ ਉਸ ਨੇ ਦੇਹ ਧਾਰੀ, ਫਿਰ ਉਹ ਮੁੜ੍ਹ ਅੱਗ ਦਾ ਥੰਮ੍ਹ

ਬਣ ਗਿਆ। ਅਤੇ ਜਦੋਂ ਉਹ ਦੰਮਿਸਕ ਦੇ ਰਸਤੇ ਵਿੱਚ ਪੌਲੁਸ ਨੂੰ ਮਿਲਿਆ, ਤਾਂ ਉਹ ਅੱਗ ਦਾ ਥੰਮ੍ਹ ਸੀ, ਉਹ ਚਾਨਣ, ਵੇਖੋ, ਇੱਕ ਮਹਾਨ ਚਾਨਣ। ਅਤੇ ਪੌਲੁਸ ਨੇ ਕਿਹਾ, "ਇਹ ਕੌਣ ਹੈ ਜਿਸ ਨੂੰ ਮੈਂ ਸਤਾਉਂਦਾ ਹਾਂ?"

42 ਉਸ ਨੇ ਕਿਹਾ, "ਮੈਂ ਯਿਸੂ ਹਾਂ, ਜਿਸਨੂੰ ਤੂੰ ਸਤਾਉਂਦਾ ਹੈਂ," ਪ੍ਰਕਾਸ਼। ਔਹ, ਕੀ ਉਹ ਸ਼ਾਨਦਾਰ ਨਹੀਂ ਹੈ?

43 ਅਤੇ ਉਹ ਇੱਥੇ ਹੈ, ਅੱਜ ਰਾਤ, ਇੱਥੇ ਸਾਡੇ ਨਾਲ। ਠੀਕ ਇਸ ਜਗ੍ਹਾ ਤੇ ਉਸਦੀ ਤਸਵੀਰ ਲਈ ਗਈ ਸੀ, ਉਹੀ ਚੀਜ਼, ਵੇਖੋ, ਅੱਗ ਦਾ ਥੰਮ੍ਹ, ਪ੍ਰਕਾਸ਼, ਬਿਲਕੁਲ ਉਹੀ ਜਿਵੇਂ ਉਹ ਸੀ, "ਉਹੀ ਕੱਲ੍ਹ, ਅੱਜ, ਅਤੇ ਸਦਾ ਲਈ।"

44 ਹੁਣ ਜਿਹੜੇ ਆਦਮੀ ਉਸ ਦੇ ਨਾਲ ਸਨ ਉਨ੍ਹਾਂ ਨੇ ਉਹ ਚਾਨਣ ਨਹੀਂ ਦੇਖਿਆ, ਪਰ ਉੱਥੇ ਉਹੀ ਸੀ। ਨਤੀਜੇ ਉਹੀ ਰਹਿੰਦੇ ਹਨ।

45 ਹੁਣ, ਕੀ ਇਹ ਸੰਭਵ ਹੈ ਕਿ—ਕਿ ਕੋਈ ਇੱਕ ਇਸ ਇਮਾਰਤ ਵਿੱਚ ਮਸੀਹ ਨੂੰ ਦੇਖ ਸਕਦਾ ਹੈ ਅਤੇ ਹੋਰ ਕੋਈ ਵੀ ਉਸਨੂੰ ਨਾ ਦੇਖ ਸਕੇ? ਯਕੀਨਨ। ਇਹ ਉੱਥੇ ਹੋਇਆ ਸੀ।

46 ਇਹ ਇੱਕ ਰਾਤ ਵੀ ਹੋਇਆ ਜਦੋਂ ਪਤਰਸ ਜੇਲ੍ਹ ਵਿੱਚ ਸੀ। ਅਤੇ ਉਹ ਚਾਨਣ ਕੈਦਖਾਨੇ ਵਿੱਚ ਆਇਆ, ਅਤੇ ਪਤਰਸ ਨੂੰ ਛੂਹਿਆ, ਅਤੇ ਉਹ ਅੰਦਰਲੇ ਪਹਿਰੇਦਾਰਾਂ ਦੇ ਕੋਲੋਂ ਲੰਘਿਆ, ਬਾਹਰੀ ਪਹਿਰੇਦਾਰ ਕੋਲੋਂ, ਫਾਟਕ, ਮੁੱਖ ਦਰਵਾਜ਼ੇ, ਅਤੇ ਸ਼ਹਿਰ ਦੇ ਦਰਵਾਜ਼ੇ ਰਾਹੀਂ ਤੁਰਿਆ ਗਿਆ। ਪਤਰਸ ਨੇ ਕਿਹਾ, "ਮੈਂ ਜਰੂਰ ਸੁਪਨਾ ਦੇਖ ਰਿਹਾ ਹਾਂ।" ਪਰ ਉਸਨੇ ਆਲੇ ਦੁਆਲੇ ਦੇਖਿਆ, ਪਰ ਪ੍ਰਕਾਸ਼ ਚੱਲ ਗਿਆ ਸੀ; ਮਸੀਹ, ਉਹ ਅਨੰਤ, ਸਦੀਪਕ ਚਾਨਣ। ਉੱਥੇ ਉਹ ਹੈ। ਹੁਣ, ਉਸ ਰਾਹ ਤੇ...

47 ਅਤੇ ਦੇਖੋ, ਇਕ ਹੋਰ ਚੀਜ਼, ਜੇ ਅਸੀਂ ਇਸ ਬਾਰੇ ਗੱਲ ਕਰਦੇ ਹਾਂ, ਤਾਂ ਮੇਰੇ ਦਿਮਾਗ ਵਿਚ ਇਹ ਆਉਂਦਾ ਹੈ। ਪਰ ਵਿਦਵਾਨ ਮਨੁੱਖ ਜਿਹੜੇ ਤਾਰੇ ਦੇ ਪਿੱਛੇ ਆਏ, ਭਾਰਤ ਤੋਂ ਲੈ ਕੇ, ਮੱਧ ਅਤੇ ਪੂਰਬੀ ਖੇਤਰ ਤੋਂ, ਮਹੀਨੇ, ਵਾਦੀਆਂ ਅਤੇ ਰੇਗਿਸਤਾਨਾਂ ਵਿੱਚੋਂ ਲੰਘਦੇ ਹੋਏ (ਖਗੋਲ ਨਿਗਰਾਨੀ ਕੇਂਦਰਾਂ ਵਿੱਚੋਂ ਲੰਘੇ; ਅਤੇ ਉਹ ਰਾਤ ਦੇ ਤਾਰਿਆਂ ਦੁਆਰਾ ਸਮੇਂ ਦਾ ਹਿਸਾਬ ਰੱਖਦੇ ਸਨ) ਪਰ ਉਨ੍ਹਾਂ ਵਿਦਵਾਨ ਮਨੁੱਖਾਂ ਤੋਂ ਅਲਾਵਾ ਕਿਸੇ ਵੀ ਇਤਿਹਾਸਕਾਰ ਜਾਂ ਕਿਸੇ ਨੇ ਕਦੇ ਵੀ ਉਸ ਤਾਰੇ ਨੂੰ ਵੇਖਣ ਦਾ ਜ਼ਿਕਰ ਨਹੀਂ ਕੀਤਾ। ਇਹ ਸਿਰਫ ਉਹਨਾਂ ਦੇ ਵੇਖਣ ਲਈ ਸੀ।

48 ਇਸ ਲਈ ਤੁਸੀਂ ਉਹ ਚੀਜ਼ਾਂ ਦੇਖ ਸਕਦੇ ਹੋ ਜੋ ਸ਼ਾਇਦ ਦੂਜਾ ਸਾਥੀ ਨਾ ਦੇਖ ਸਕੇ। ਤੁਹਾਡੇ ਲਈ, ਇਹ ਇੱਕ ਹਕੀਕਤ ਹੈ। ਉਸ ਲਈ, ਉਹ ਨਹੀਂ ਸਮਝਦੇ। ਜਿਵੇਂ ਇੱਕ ਪਰਿਵਰਤਨ; ਤੁਸੀਂ ਪਰਿਵਰਤਿਤ ਹੋ ਸਕਦੇ ਹੋ

ਅਤੇ ਪਰਮੇਸ਼ੁਰ ਦੀਆਂ ਅਸੀਸਾਂ ਦਾ ਆਨੰਦ ਮਾਣ ਸਕਦੇ ਹੋ, ਕੇਵਲ—ਕੇਵਲ ਪਰਮੇਸ਼ੁਰ ਦੀ ਬਖਸ਼ਿਸ਼ ਵਿੱਚੋਂ ਪੀਂਦੇ ਹੋਏ। ਅਤੇ ਅਗਲਾ ਸਾਥੀ, ਤੁਹਾਡੇ ਨਾਲ ਬੈਠੇ ਹੋ ਕਹਿੰਦਾ ਹੈ, “ਮੈਨੂੰ ਕੁਝ ਨਜ਼ਰ ਨਹੀਂ ਆਉਂਦਾ।” ਸਮਝੇ? ਸਮਝੇ? ਇਹ ਹੀ ਗੱਲ ਹੈ। “ਮੈਨੂੰ ਬੱਸ ਇਹ ਸਮਝ ਨਹੀਂ ਆਉਂਦਾ। ਮੈਂ ਨਹੀਂ ਸਮਝਦਾ ਕਿ ਇਹ ਸਭ ਕੀ ਹੈ।” ਖੈਰ, ਉਸਨੂੰ ਬਸ ਇਸ ਨੂੰ ਸਮਝ ਨਹੀਂ ਰਿਹਾ ਹੈ। ਇਹੀ ਸਭ ਹੈ। ਜਿੱਥੇ, ਤੁਸੀਂ ਹੋ।

49 ਹੁਣ ਧਿਆਨ ਦਿਓ, ਪੌਲੁਸ ਜਦ ਆਪਣੇ ਸਫ਼ਰ ਵਿੱਚ ਸੀ। ਅਤੇ ਜਿਵੇਂ ਹੀ ਉਸ ਨੂੰ ਇਹ ਮਹਾਨ ਅਨੁਭਵ ਹੋਇਆ...ਹੁਣ, ਉਹ ਸੰਤੁਸ਼ਟ ਨਹੀਂ ਸੀ... ਇਹੀ ਹੈ ਜੋ ਪੌਲੁਸ ਨੂੰ ਬਹੁਤ ਵਧੀਆ ਬਣਾਉਂਦਾ ਹੈ।

50 ਹੁਣ, ਸਾਡਾ ਅੱਜ ਰਾਤ ਦਾ ਪਾਠ ਡੂੰਘਾ ਨਹੀਂ ਹੈ। ਇਹ ਇੱਕ ਹਲਕਾ ਸਬਕ ਹੈ, ਪਰ, ਔਹ, ਅਸੀਂ ਕੁਝ ਸਮੇਂ ਬਾਅਦ, ਡੂੰਘਾਈ ਵਿੱਚ ਜਾਵਾਂਗੇ। ਪਰ ਇਹ ਇੱਕ ਬਹੁਤ ਹੀ ਹਲਕਾ ਸਬਕ ਹੈ, ਪਰ ਇਹ ਤਾਂ ਬਸ ਸ਼ੁਰੂ ਹੋ ਰਿਹਾ ਹੈ। ਅਤੇ ਇਹ ਕੀ ਹੈ, ਇਹ ਇਕ ਚੀਜ਼ ਹੈ, ਜੋ ਯਿਸੂ ਮਸੀਹ ਨੂੰ ਉੱਚਾ ਕਰ ਰਹੀ ਹੈ। ਪੌਲੁਸ, ਨਾਲ ਸ਼ੁਰੂ ਕਰਦੇ ਹਾਂ।

51 ਅਤੇ ਇਸ ਤੋਂ ਪਹਿਲਾਂ ਕਿ ਉਹ ਇਹ ਕਰਦਾ, ਪੌਲੁਸ ਬਾਈਬਲ ਦਾ ਵਿਦਵਾਨ ਸੀ। ਅਤੇ ਬਾਈਬਲ ਦਾ ਵਿਦਵਾਨ ਕਦੇ ਵੀ ਆਪਣੇ ਸਿਧਾਂਤ ਨੂੰ ਤਜਰਬਿਆਂ ਉੱਤੇ ਨਹੀਂ ਠਹਿਰਾਉਂਦਾ। ਨਹੀਂ, ਸ਼੍ਰੀ ਮਾਨ। ਉਹ ਕਦੇ ਵੀ ਤਜਰਬੇ ਨੂੰ ਆਪਣੇ ਸਿਧਾਂਤ ਦਾ ਆਧਾਰ ਨਹੀਂ ਬਣਾਉਣਗੇ। ਤੁਹਾਨੂੰ ਕਿਸੇ ਵੀ ਕਿਸਮ ਦਾ ਅਨੁਭਵ ਹੋ ਸਕਦਾ ਹੈ। ਪਰ ਇਹ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਹੋਣਾ ਚਾਹੀਦਾ ਹੈ। ਠੀਕ ਹੈ।

52 ਹੁਣ, ਪੁਰਾਣੇ ਨੇਮ ਵਿੱਚ, ਉਨ੍ਹਾਂ ਕੋਲ ਤਿੰਨ ਵੱਖ-ਵੱਖ ਤਰੀਕੇ ਸਨ ਜਿਨ੍ਹਾਂ ਨਾਲ ਉਹ ਇੱਕ ਸੰਦੇਸ਼ ਨੂੰ ਜਾਣ ਸਕਦੇ ਹਨ। ਪਹਿਲਾਂ, ਸ਼ਰਾ ਸੀ, ਇਹ ਸਿਰਫ਼ ਕਾਨੂੰਨ ਸੀ। ਫਿਰ, ਉਨ੍ਹਾਂ ਕੋਲ ਇੱਕ—ਇੱਕ ਨਬੀ; ਇੱਕ ਸੁਪਨੇ ਲੈਣ ਵਾਲਾ; ਅਤੇ ਉਨ੍ਹਾਂ ਕੋਲ ਊਰੀਮ ਥੁੰਮੀਮ ਸੀ। ਹੁਣ ਇਹ ਥੋੜਾ ਗਹਿਰਾਈ ਵਿੱਚ ਜਾ ਸਕਦਾ ਹੈ।

53 ਊਰੀਮ ਥੁੰਮੀਮ ਉਹ ਸੀਨਾਬੰਦ ਸੀ ਜੋ ਹਾਰੂਨ ਆਪਣੀ ਛਾਤੀ ਉੱਤੇ ਪਹਿਨਦਾ ਸੀ। ਇਸ ਵਿੱਚ ਬਾਰਾਂ ਪੱਥਰ ਸਨ: ਪੁਖਰਾਜ, ਅਕੀਕ, ਜ਼ਬਰਜਦ, ਇਸ ਤਰ੍ਹਾਂ, ਹੇਠਾਂ ਤੀਕ। ਉਨ੍ਹਾਂ ਨੂੰ ਸਾਰੇ ਬਾਰਾਂ ਵੱਡੇ ਪੱਥਰ ਮਿਲੇ, ਜੋ ਸੀਨੇਬੰਦ ਵਿੱਚ ਸਨ, ਇਹ ਦਰਸਾਉਂਦਾ ਹੈ ਕਿ ਉਹ ਹਰ ਗੋਤ, ਇਸਰਾਏਲ ਦੇ ਬਾਰਾਂ ਗੋਤਾਂ ਦਾ ਪ੍ਰਧਾਨ ਜਾਜਕ ਸੀ। ਇਹ ਸੀਨਾ-ਪੱਟੀ ਚਰਚ ਦੇ ਇੱਕ ਥੰਮ੍ਹ ਉੱਤੇ ਟੰਗੀ ਹੋਈ ਸੀ। ਅਤੇ ਜਦੋਂ ਇੱਕ ਨਬੀ ਭਵਿੱਖਬਾਣੀ ਕਰਦਾ ਸੀ, ਅਤੇ ਉਹ

ਇਹ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਇਹ ਸਹੀ ਸੀ, ਜਾਂ ਨਹੀਂ, ਨਬੀ ਜਾਂ ਸੁਪਨੇ ਦੇਖਣ ਵਾਲੇ ਇਸ ਊਰੀਮ ਥੁੰਮੀਮ ਦੇ ਸਾਮ੍ਹਣੇ ਖੜੇ ਹੋ ਜਾਂਦੇ ਸਨ, ਅਤੇ ਉਹ ਆਪਣਾ ਸੁਪਨਾ ਜਾਂ ਆਪਣਾ ਦਰਸ਼ਣ ਦੱਸਦੇ ਸਨ, ਜੋ ਉਹਨਾਂ ਵੇਖਿਆ ਹੁੰਦਾ ਸੀ। ਅਤੇ ਜੇ ਪਵਿੱਤਰ ਪ੍ਰਕਾਸ਼...ਓਹ, ਕੀ ਤੁਸੀਂ ਇਸਨੂੰ ਸਮਝ ਰਹੇ ਹੋ? ਪਰਮੇਸ਼ੁਰ ਹਮੇਸ਼ਾ ਅਲੌਕਿਕ ਖੇਤਰ ਵਿੱਚ ਵੱਸਦਾ ਹੈ। ਇਕੱਠ, ਉਹ ਰੋਸ਼ਨੀਆਂ, ਜਦੋਂ ਤੱਕ ਇਹ ਆਵਾਜ਼ ਨਹੀਂ ਨਿਕਲਦੀ ਸੀ, ਉਦੋਂ ਤੱਕ ਆਮ ਹੀ ਸਨ। ਅਤੇ ਜਦੋਂ ਅਵਾਜ਼ ਉਨ੍ਹਾਂ ਪੱਥਰਾਂ ਤੇ ਵੱਜਦੀ ਸੀ, ਜੇ ਇਹ ਅਲੌਕਿਕ ਨਹੀਂ ਹੁੰਦੀ ਸੀ, ਤਾਂ ਉਹ ਉਵੇਂ ਹੀ ਰਹਿੰਦੇ ਸਨ। ਪਰ ਜੇ ਇਹ ਅਲੌਕਿਕ ਸੀ, ਤਾਂ ਉਹ ਸਾਰੀਆਂ ਰੋਸ਼ਨੀਆਂ ਸਤਰੰਗੀ ਪੀਂਘਾਂ ਦੇ ਰੰਗ ਨੂੰ ਇਕੱਠੇ ਪ੍ਰਤੀਬਿੰਬਤ ਕਰਦੀਆਂ ਸਨ। ਆਮੀਨ। ਫਿਰ, ਇਹ ਪਰਮੇਸ਼ੁਰ ਬੋਲ ਰਿਹਾ ਹੁੰਦਾ ਸੀ, "ਉਹ ਮੇਰਾ ਨਬੀ ਹੈ।" ਜਾਂ, "ਇਹ ਸੁਪਨਾ ਮੇਰੇ ਵੱਲੋਂ ਆਇਆ ਹੈ।" ਇਹ ਊਰੀਮ ਥੁੰਮੀਮ ਦੇ ਅਨੁਸਾਰ ਹੁੰਦਾ ਸੀ ਜਿਸ ਰਹਿਣ ਉਹ ਨਿਆਂ ਕਰਦੇ ਸਨ।

54 ਯਾਦ ਹੈ ਜਦੋਂ ਸ਼ਾਊਲ ਪਿਛਾਂਹ ਹੱਟ ਗਿਆ ਸੀ? ਉਸ ਨੇ ਕਿਹਾ ਕਿ ਉਹ ਕੋਈ ਸੁਪਨਾ ਨਹੀਂ ਦੇਖ ਸਕਦਾ। ਅਤੇ ਨਬੀ, ਸਮੂਏਲ, ਮਰ ਗਿਆ ਸੀ, ਅਤੇ ਕੋਈ ਰਸਤਾ ਨਹੀਂ ਸੀ। ਉਸ ਨੇ ਕਿਹਾ, "ਇੱਥੋਂ ਤੱਕ ਕਿ ਊਰੀਮ ਵੀ ਮੇਰੇ ਨਾਲ ਗੱਲ ਨਹੀਂ ਕਰੇਗਾ।" ਕੁਝ ਨਹੀਂ। ਸ਼ਾਊਲ ਊਰੀਮ ਦੇ ਸਾਮ੍ਹਣੇ ਖੜ੍ਹਾ ਸੀ, ਅਤੇ ਉਸ ਦੇ ਸ਼ਬਦ ਮਰੇ ਹੋਏ ਸਨ। ਸਮਝੇ? ਪਰਮੇਸ਼ੁਰ ਨੇ ਬਸ ਉਸ ਨੂੰ ਰੱਦ ਦਿੱਤਾ ਸੀ। ਉਹ ਊਰੀਮ ਤੁੰਮੀਮ, ਜੋ ਹਾਰੂਨ ਦੀ ਜਾਜਕਾਈ ਦਾ ਸਬੂਤ ਸੀ। ਮੂਸਾ, ਹਾਰੂਨ ਦੇ ਜਾਣ ਤੋਂ ਬਾਅਦ, ਉਹ ਸੀਨਾਬੰਦ ਥੰਮ੍ਹ ਤੇ ਟੰਗਿਆ ਹੋਇਆ ਸੀ।

55 ਹੁਣ, ਯਿਸੂ ਦੀ ਮੌਤ ਤੋਂ ਬਾਅਦ ਹਾਰੂਨ ਦੀ ਜਾਜਕਾਈ ਖਤਮ ਜੋ ਜਾਂਦੀ ਹੈ। ਅਤੇ ਹੁਣ, ਕਿਰਪਾ ਤੋਂ ਸ਼ਰਾ ਨੂੰ ਵੱਖਰਾ ਕਰਦੇ ਹੋਏ, ਸਾਡੇ ਕੋਲ ਅਜੇ ਵੀ ਇੱਕ ਊਰੀਮ ਤੁੰਮੀਮ ਹੈ। ਅਤੇ ਪੌਲੁਸ ਇਸ ਦੀ ਵਰਤੋਂ ਕਰ ਰਿਹਾ ਸੀ। ਸਮਝੇ? ਅੱਜ ਦਾ ਊਰੀਮ ਤੁੰਮੀਮ ਪਰਮੇਸ਼ੁਰ ਦਾ ਅਮਰ, ਅਨੰਤ, ਸਦੀਪਕ ਬਚਨ ਹੈ। ਸਮਝੇ?

56 "ਕਿਉਂਕਿ ਜੋ ਕੋਈ ਵੀ ਇਸ ਕਿਤਾਬ ਵਿੱਚੋਂ ਕੁਝ ਵੀ ਲਵੇਗਾ, ਜਾਂ ਇਸ ਵਿੱਚ ਕੁਝ ਵੀ ਜੋੜੇਗਾ।" ਮੈਨੂੰ ਇਸ ਤੋਂ ਬਾਹਰ ਕੁਝ ਨਹੀਂ ਚਾਹੀਦਾ, ਪਰ ਮੈਂ ਉਹ ਸਭ ਚਾਹੁੰਦਾ ਜੋ ਇਸ ਵਿੱਚ ਹੈ। ਇਹ ਉਹ ਕਲੀਸਿਯਾ ਹੈ ਜੋ ਅਸੀਂ ਚਾਹੁੰਦੇ ਹਾਂ। ਅਤੇ ਸਭ ਕੁਝ ਬਚਨ ਦੁਆਰਾ ਹੀ ਸਾਬਤ ਕੀਤਾ ਜਾਣਾ ਚਾਹੀਦਾ ਹੈ।

57 ਇਹੀ ਕਾਰਨ ਹੈ ਕਿ ਮੈਂ ਹਾਲ ਹੀ ਵਿੱਚ ਪੈਂਟੇਕੋਸਟਲ ਲੋਕਾਂ ਵਿੱਚ ਅਸਫਲ ਹੋ ਗਿਆ, ਕਿਉਂਕਿ, ਉਹ ਕਹਿੰਦੇ ਹਨ, "ਮੈ ਸਮਝ ਨਹੀਂ ਸਕਦਾ ਕਿ ਤੇਰੇ ਹੱਥਾਂ

ਵਿਚੋਂ ਤੇਲ ਕਿਥੋਂ ਨਿਕਲ ਰਿਹਾ ਹੈ, ਜਾਂ ਤੇਰੇ ਚਿਹਰੇ ਵਿਚੋਂ ਖ਼ੂਨ ਕਿੱਥੋਂ ਨਿਕਲ ਰਿਹਾ ਹੈ, ਤੁਹਾਡੇ ਕੋਲ ਪਵਿੱਤਰ ਆਤਮਾ ਦੀ ਨਿਸ਼ਾਨੀ ਸੀ।" ਇਹ ਵਚਨ ਦੇ ਅਨੁਸਾਰ ਨਹੀਂ ਹੈ ਅਤੇ ਮੈਂ—ਮੈਂ ਇਸਨੂੰ ਨਹੀਂ ਲੈ ਸਕਿਆ। ਇਹ ਵਚਨ ਤੋਂ ਹੀ ਆਉਣਾ ਚਾਹੀਦਾ ਹੈ।

58 ਅਤੇ ਹੁਣ, ਪੌਲੁਸ, ਉਹ ਕੇਵਲ ਵਚਨ ਨੂੰ ਪਿਆਰ ਕਰਦਾ ਸੀ। ਇਸ ਲਈ, ਇਸ ਤੋਂ ਪਹਿਲਾਂ ਕਿ ਉਹ ਕਦੇ ਵੀ ਇਸ ਮਹਾਨ ਤਜ਼ਰਬੇ ਦਾ ਗਵਾਹ ਬਣ ਸਕੇ, ਉਹ ਤਿੰਨ ਸਾਲ ਲਈ ਮਿਸਰ ਵਿੱਚ ਗਿਆ। ਮੇਰਾ ਮੰਨਣਾ ਹੈ ਕਿ ਇਹ ਤਿੰਨ ਸਾਲ ਸੀ, ਮਿਸਰ ਵਿੱਚ ਤਿੰਨ ਸਾਲ। ਅਤੇ ਤੁਸੀਂ ਜਾਣਦੇ ਹੋ ਕਿ ਮੈਨੂੰ ਵਿਸ਼ਵਾਸ ਹੈ ਕਿ ਉਸਨੇ ਕੀ ਕੀਤਾ ਹੈ? ਮੇਰਾ ਮੰਨਣਾ ਹੈ ਕਿ ਉਸਨੇ ਪੁਰਾਣੇ ਨੇਮ ਨੂੰ ਲਿਆ, ਅਤੇ ਪੁਰਾਣੇ ਨੇਮ ਵਿੱਚ ਖੋਜ ਕੀਤੀ, ਅਤੇ ਪਾਇਆ ਕਿ ਉਹ ਅਸਲ ਵਿੱਚ ਪੂਰਨ ਮਸੀਹਾ ਸੀ। ਉਸ ਨੇ ਆਪਣੇ ਤਜਰਬੇ ਨੂੰ ਬਾਈਬਲ ਦੁਆਰਾ ਸਾਬਤ ਕਰਨਾ ਸੀ। ਆਮੀਨ। ਔਹ, ਮੇਰੇ!

59 ਉਸ ਨੂੰ ਦੇਖੋ ਜਦੋਂ ਉਹ ਜੇਲ੍ਹ ਵਿੱਚ ਸੀ। ਤੁਸੀਂ ਵੇਖੋਗੇ, ਪੌਲੁਸ ਦੇ ਜੀਵਨ ਦਾ ਇੱਕ ਪੜਾਅ ਸੀ ਜਦੋਂ ਉਹ ਇੱਕ—ਇੱਕ ਲੰਬੇ ਸਮੇਂ ਲਈ ਜੇਲ੍ਹ ਵਿੱਚ ਸੀ। ਉਸਨੇ ਅਫ਼ਸੀਆਂ ਦੀ ਕਿਤਾਬ ਲਿਖੀ। ਉਸ ਨੇ ਇਹ ਇਬਰਾਨੀ ਪੱਤਰ ਲਿਖਿਆ। ਵੇਖਿਆ? ਉਸ ਕੋਲ ਸਮਾਂ ਸੀ। ਪਰਮੇਸ਼ੁਰ ਨੇ ਉਸਨੂੰ ਉੱਥੇ ਇੱਕ ਕੈਦ ਵਿੱਚ ਰੱਖਿਆ, ਅਤੇ ਉਸਨੇ ਇਹ ਚਿੱਠੀਆਂ ਕਲਿਸਿਯਾਂ ਨੂੰ ਲਿਖੀਆਂ। ਇੱਕ ਅਫ਼ਸੁਸ ਦੀ ਕਲੀਸਿਯਾ ਨੂੰ। ਉਸਨੇ ਇੱਕ ਪੇਂਟੇਕੋਸਟਲ ਕਲੀਸਿਯਾ ਨੂੰ ਲਿਖੀ, ਉਹਨਾਂ ਨਾਲ ਬਹੁਤ ਗਦਬੜਾਂ ਸਨ। ਪੈਂਟੇਕੋਸਟਲ ਕਲੀਸਿਯਾ ਜਿਸ ਨਾਲ ਉਸਨੂੰ ਕਿਸੇ ਹੋਰ ਨਾਲੋਂ ਜ਼ਿਆਦਾ ਪਰੇਸ਼ਾਨੀ ਸੀ। ਅਜੇ ਵੀ ਹੈ। ਪਰ ਉਹ ਉਨ੍ਹਾਂ ਲਈ ਸ਼ੁਕਰਗੁਜ਼ਾਰ ਸੀ। ਸਿਰਫ਼ ਇੱਕੋ ਚੀਜ਼ ਜੋ ਉਹ ਉਨ੍ਹਾਂ ਨੂੰ ਸਿਖਾ ਸਕਦਾ ਸੀ...ਜਦੋਂ ਉਹ ਅੰਦਰ ਆਉਂਦੇ ਹਨ: ਕਿਸੇ ਕੋਲ ਪਰਾਈ ਭਾਸ਼ਾ ਸੀ, ਕਿਸੇ ਕੋਲ ਜ਼ਬੂਰ ਸਨ, ਕਿਸੇ ਕੋਲ ਸੰਵੇਦਨਾ ਸੀ, ਕਿਸੇ ਕੋਲ ਭਾਵਨਾ ਸੀ। ਉਹ ਗੱਲ ਨਹੀਂ ਕਰ ਸਕਦਾ ਸੀ, ਉਨ੍ਹਾਂ ਨਾਲ, "ਸਦੀਵੀ ਸੁਰੱਖਿਆ" ਬਾਰੇ ਗੱਲ ਨਹੀਂ ਕਰ ਸਕਦਾ ਸੀ, ਉਹ ਉਹਨਾਂ ਨਾਲ, "ਪੂਰਵ-ਨਿਰਧਾਰਨ" ਬਾਰੇ ਗੱਲ ਨਾ ਕਰ ਸਕਿਆ, ਉਹ ਉਨ੍ਹਾਂ ਨਾਲ ਗੱਲ ਨਹੀਂ ਕਰ ਸਕਦਾ ਸੀ, ਉਹ ਬੱਚੇ ਸਨ। ਉਹ ਸਾਰੇ ਕੁਝ ਮਹਿਸੂਸ ਕਰਨਾ—ਕਰਨਾ ਚਾਹੁੰਦੇ ਸਨ, ਜਾਂ ਕੁਝ ਵੇਖਣਾ ਚਾਹੁੰਦੇ ਸਨ, ਜਾਂ ਅਜੀਬ ਭਾਵਨਾਵਾਂ, ਅਤੇ, ਜਾਂ ਉਹਨਾਂ ਦੇ ਆਲੇ ਦੁਆਲੇ ਕੁਝ, ਕੁਝ ਸਬੂਤ।

60 ਪਰ ਮੈਂ ਵਿਸ਼ਵਾਸ ਕਰਦਾ ਹਾਂ, ਜਦੋਂ ਉਸਨੇ ਅਫ਼ਸੀਆਂ ਨਾਲ ਗੱਲ ਕੀਤੀ, ਉਹ ਇਸ ਬਾਰੇ ਗੱਲ ਕਰ ਸਕਦਾ ਸੀ, "ਪਰਮੇਸ਼ੁਰ ਨੇ ਸਾਨੂੰ ਪੁੱਤਰਾਂ ਅਤੇ

ਧੀਆਂ ਹੋਣ ਲਈ ਪਹਿਲਾਂ ਤੋਂ ਨਿਯੁਕਤ ਕੀਤਾ ਹੈ, ਅਤੇ ਜਗਤ ਦੀ ਨੀਂਹ ਤੋਂ ਪਹਿਲਾਂ ਸਾਨੂੰ ਯਿਸੂ ਮਸੀਹ ਵਿੱਚ ਲੇਪਾਲਕ ਪੁੱਤ੍ਰ ਹੋਣ ਲਈ ਚੁਣਿਆ।" ਉਸ ਤੇ ਦੇਖੋ। ਮੇਰੇ!

61 ਉਸ ਨੂੰ ਰੋਮੀਆਂ ਦੀ ਕਿਤਾਬ ਵਿੱਚ ਆਉਂਦੇ ਹੋਏ ਵੇਖੋ, ਅਤੇ ਅੱਗੇ ਵੀ। ਉਹ ਵੱਡੇ ਹੋ ਗਏ ਸਨ। ਔਹ, ਉਹ ਪਰਾਈ ਭਾਖਿਆ ਬੋਲਦੇ ਸਨ, ਯਕੀਨਨ, ਅਤੇ ਉਹਨਾਂ ਵਿੱਚ ਪਵਿੱਤਰ ਆਤਮਾ ਦੇ ਹੋਰ ਚਿੰਨ੍ਹ ਸਨ। ਪਰ ਉਹਨਾਂ ਨੇ ਸਿਧਾਂਤ ਨਹੀਂ ਬਣਾਏ, ਅਤੇ ਨਾ ਹੀ ਸੰਵੇਦਨਾਵਾਂ, ਅਤੇ ਛੋਟੀਆਂ ਕੰਬਨੀਆਂ, ਅਤੇ ਅਜੀਬ ਅਹਿਸਾਸ।

62 ਪੌਲੁਸ ਨੇ ਕਿਹਾ, "ਤੁਹਾਨੂੰ—ਤੁਸੀਂ—ਤੁਸੀਂ ਇਸ ਨਾਲ ਬਹੁਤ ਅੱਤ ਕਰ ਦਿੰਦੇ ਹੋ। ਜਦਕਿ ਤੁਹਾਨੂੰ ਸਿਖਾਉਣ ਵਾਲੇ ਹੋਣਾ ਚਾਹੀਦਾ ਹੈ, ਤੁਸੀਂ ਅਜੇ ਵੀ ਬੱਚੇ ਹੋ ਅਤੇ ਤੁਸੀਂ ਦੁੱਧ ਪੀਣਾ ਪੈਂਦਾ ਹੈ।"

63 ਹੁਣ, ਇਹ ਉਹ ਹੈ ਜੋ ਮੈਂ ਹਮੇਸ਼ਾ ਇਸ ਡੇਰੇ ਨੂੰ ਨਾ ਬਣਨ ਦੀ ਕੋਸ਼ਿਸ ਕੀਤੀ ਹੈ, ਉਹ ਹੈ ਇੱਕ ਬੱਚਿਆਂ ਦਾ ਝੁੰਡ। ਆਓ ਵੱਡੇ ਹੋਈਏ। ਸੜਕ ਤੇ ਖੜ੍ਹੇ ਹੋ ਜਾਓ। ਔਹ ਮੇਰੇ! ਉਥੇ ਤੁਸੀਂ ਹੋ।

64 ਇਸ ਲਈ, ਪੌਲੁਸ ਉੱਥੇ ਹੇਠਾਂ ਜਾਂਦਾ ਹੈ, ਪਹਿਲਾਂ, ਇਹ ਦੇਖਣ ਲਈ ਕਿ ਕੀ ਉਸਦਾ ਅਨੁਭਵ ਪਰਮੇਸ਼ੁਰ ਦੀ ਬਾਈਬਲ ਨਾਲ ਮੇਲ ਖਾਂਦਾ ਹੈ।

65 ਔਹ, ਕੀ ਇਹ ਅਦਭੁਤ ਨਹੀਂ ਹੁੰਦਾ, ਅੱਜ, ਜੇਕਰ ਲੋਕ ਸਿਰਫ਼ ਅਜਿਹਾ ਹੀ ਕਰਦੇ, ਕੀ ਅਸੀਂ ਆਪਣੇ ਅਨੁਭਵ ਨੂੰ ਪਰਮੇਸ਼ੁਰ ਦੀ ਬਾਈਬਲ ਨਾਲ ਮਿਲਾਉਂਦੇ? ਜੇ ਅਜਿਹਾ ਨਹੀਂ ਹੁੰਦਾ, ਤਾਂ ਸਾਡਾ ਅਨੁਭਵ ਗਲਤ ਹੈ; ਇਹ ਉਰੀਮ ਤੁੰਮੀਮ ਤੇ ਚਮਕਾਰਾ ਨਹੀਂ ਮਾਰਦਾ। ਜੇ ਇਹ ਉੱਥੇ ਚਮਕਦਾ ਹੈ, ਆਮੀਨ, ਜਾਣੋ ਕਿ ਤੁਹਾਨੂੰ ਇਹ ਮਿਲ ਗਿਆ ਹੈ। ਪਰ ਜੇ ਅਜਿਹਾ ਨਹੀਂ ਹੁੰਦਾ, ਕੁਝ...ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਹੈ ਕਿ ਇਹ ਕਿੰਨਾ ਚੰਗਾ ਲੱਗਦਾ ਹੈ, ਇਹ ਕਿੰਨਾ ਅਸਲੀ ਦਿਖਾਈ ਦਿੰਦਾ ਸੀ ਜਿਵੇਂ ਕਿ ਇਹ ਸਹੀ ਸੀ; ਜੇਕਰ ਉਹ ਰੋਸ਼ਨੀਆਂ ਉਸ ਊਰੀਮ ਤੁੰਮੀਮ ਤੇ ਨਹੀਂ ਚਮਕਦੀਆਂ, ਤਾਂ ਇਹ ਗਲਤ ਸੀ।

66 ਅਤੇ ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਹਾਡੇ ਕੋਲ ਕਿੰਨਾ ਤਜਰਬਾ ਹੈ, ਇਹ ਕਿੰਨਾ ਅਸਲੀ ਜਾਪਦਾ ਹੈ, ਇਹ ਕਿੰਨਾ ਪੇਸ਼ਕਾਰੀ ਹੈ, ਇਹ ਕਿੰਨਾ ਵਿਦਿਅਕ ਹੈ, ਰੂਹਾਂ ਨੂੰ ਜਿੱਤਣ ਲਈ ਇਹ ਕਿੰਨਾ ਵਧੀਆ ਸਾਧਨ ਹੈ; ਜੇਕਰ ਇਹ ਵਚਨ ਵਿੱਚ ਨਹੀਂ ਚਮਕਦਾ, ਤਾਂ ਇਹ ਗਲਤ ਹੈ। ਠੀਕ ਹੈ। ਇਹ ਵਚਨ ਦੇ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ।

67 ਹੁਣ, ਮੈਨੂੰ ਵਿਸ਼ਵਾਸ ਹੈ...ਇਹ ਮਾਰਗ ਦਾ ਮੱਧ ਹੈ। ਰਾਹ, ਹੁਣ, ਬਹੁਤ ਵਾਰ...ਮੈਂ ਇੱਕ ਨਾਜ਼ਰੀਨ ਕਲੀਸਿਯਾ ਵਿੱਚ ਜਾਂਦਾ ਸੀ। ਪ੍ਰਭੂ ਉਹਨਾਂ ਪਿਆਰੇ ਲੋਕਾਂ ਨੂੰ ਆਸ਼ੀਸ਼ ਦਵੇ। ਪੁਰਾਣੇ-ਜ਼ਮਾਨੇ ਦੇ, ਉਹ ਪਵਿੱਤਰ ਮੈਥੋਡਿਸਟ ਸਨ; ਚਰਚ ਆਫ਼ ਗੌਡ, ਨਾਜ਼ਰੀਨ, ਪਿਲਗ੍ਰੀਮ ਹੋਲੀਨੈਸ, ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਚੰਗੀਆਂ ਪੁਰਾਣੀਆਂ ਪਵਿੱਤਰ ਕਲੀਸਿਯਾ ਹਨ। ਅਤੇ ਉਹ ਇੱਕ ਗੀਤ ਗਾਉਂਦੇ ਸਨ:

> ਮੈਂ ਵੱਡੇ ਪੁਰਾਣੇ ਰਾਜਮਾਰਗ ਤੇ ਚੱਲ ਰਿਹਾ ਹਾਂ,
> ਮੈਂ ਜਿੱਥੇ ਵੀ ਜਾਂਦਾ ਹਾਂ ਦੱਸਦਾ ਹਾਂ,
> ਮੈਂ ਪੁਰਾਣੇ ਸਮੇਂ ਦਾ ਈਸਾਈ ਬਣਨਾ ਪਸੰਦ ਕਰਾਂਗਾ,
> ਪ੍ਰਭੂ,
> ਬਜਾਏ ਉਸ ਦੇ ਜੋ ਵੀ ਮੈਨੂੰ ਪਤਾ ਹੈ।

68 ਚੰਗਾ। ਸ਼ਾਨਦਾਰ। ਅਤੇ ਫਿਰ ਪਵਿੱਤਰਤਾ ਦੇ ਰਾਜ ਮਾਰਗ ਦੀ ਗੱਲ ਕਰਦੇ ਸਨ। ਹੁਣ, ਜੇ ਤੁਸੀਂ ਇਸ ਨੂੰ ਪੜ੍ਹਦੇ ਹੋ, ਤਾਂ ਉਹ ਇਹ ਯਸਾਯਾਹ, 35ਵੇਂ ਅਧਿਆਇ ਤੋਂ ਲੈਂਦੇ ਸਨ। ਹੁਣ, ਜੇ ਤੁਸੀਂ ਧਿਆਨ ਦਿਓ, ਤਾਂ ਉਸਨੇ ਕਿਹਾ, "ਇੱਕ ਰਾਜਮਾਰਗ, *ਅਤੇ* ਇੱਕ ਰਸਤਾ ਹੋਵੇਗਾ।"

69 ਹੁਣ, *ਅਤੇ* ਇੱਕ ਸੰਯੋਜਨ ਹੈ। ਸਮਝੇ? ਇੱਕ ਰਾਜਮਾਰਗ, ਇਹ ਪਵਿੱਤਰਤਾ ਦਾ ਰਾਜਮਾਰਗ ਨਹੀਂ ਸੀ। "ਇਹ ਇੱਕ ਰਾਜਮਾਰਗ ਹੋਵੇਗਾ, *ਅਤੇ* ਇੱਕ ਰਸਤਾ, ਅਤੇ ਇਸਨੂੰ ਕਿਹਾ ਜਾਵੇਗਾ, 'ਪਵਿੱਤਰਤਾ ਦਾ ਰਾਹ,'" ਪਵਿੱਤਰਤਾ ਦਾ ਰਾਜਮਾਰਗ ਨਹੀਂ। "ਪਵਿੱਤਰਤਾ ਦਾ ਰਾਹ!" ਅਤੇ ਸੜਕ ਦਾ ਰਸਤਾ ਸੜਕ ਦੇ ਵਿਚਕਾਰ ਹੈ। ਇਸ ਨੂੰ *ਇਸ* ਤਰ੍ਹਾਂ ਬਣਾਇਆ ਗਿਆ ਹੈ ਤਾਂ ਕਿ ਪਾਣੀ ਸੜਕ ਨੂੰ ਸਾਫ਼ ਰੱਖਦੇ ਹੋਏ, ਦੋਵੇਂ ਪਾਸੇ, ਕੂੜੇ ਨੂੰ ਧੋ ਦੇਵੇ। ਤੁਸੀਂ ਨਹੀਂ, ਤੁਹਾਡੀ ਸੜਕ ਵਿੱਚ ਹਰ ਸਮੇਂ, ਛੱਪੜ ਖੜ੍ਹੇ ਰਹਿੰਦੇ ਹਨ, ਜੇਕਰ ਇਹ ਸਹੀ ਨਹੀਂ ਬਣਾਈ ਗਈ ਹੈ। "ਰਸਤਾ" ਸੜਕ ਦੇ ਵਿਚਕਾਰ ਹੈ।

70 ਹੁਣ, *ਇਸ* ਪਾਸੇ, ਜਦੋਂ ਲੋਕ ਪਰਿਵਰਤਿਤ ਹੋ ਜਾਂਦੇ ਹਨ, ਉਨ੍ਹਾਂ ਦਾ ਮਨ ਮਸੀਹ ਉੱਤੇ ਲੱਗਾ ਹੁੰਦਾ ਹੈ। ਅਤੇ ਜੇ ਉਹ ਥੋੜੇ ਜਿਹੇ ਵਿਦਵਾਨ ਹਨ, ਅਤੇ ਪ੍ਰਾਰਥਨਾ ਦੇ ਅਧੀਨ ਨਹੀਂ ਰਹਿੰਦੇ, ਤਾਂ ਉਹ ਅਸਲ ਵਿੱਚ ਠੰਡੇ ਹੋ ਜਾਣਗੇ, ਅਤੇ ਕਠੋਰ, ਅਤੇ ਕੋਰੇ, ਅਤੇ ਲਾਪਰਵਾਹ। ਅਤੇ ਫਿਰ ਜੇ ਉਹ ਥੋੜੇ ਜਿਹੇ ਘਬਰਾਏ ਹੋਏ ਹਨ, ਜੇ ਤੁਸੀਂ ਨਹੀਂ ਦੇਖਦੇ, ਉਹ ਕੱਟੜਪੰਥੀ ਅਤੇ ਜੰਗਲੀ ਹੋ ਜਾਣਗੇ, *ਇਸ* ਪਾਸੇ, ਵੇਖੋ, ਉਹ ਸੰਵੇਦਨਾਵਾਂ ਅਤੇ ਹਰ ਚੀਜ਼ ਵਿੱਚ ਚਲੇ ਜਾਂਦੇ ਹਨ।

71 ਹੁਣ, ਪਰ, ਅਸਲ ਕਲੀਸਿਯਾ ਅਸਲੀ ਸਮਝਦਾਰ ਇੰਜੀਲ ਹੈ, ਸੜਕ ਦੇ ਬਿਲਕੁਲ ਵਿਚਕਾਰ। ਇਹ ਠੰਡਾ ਅਤੇ ਸਖ਼ਤ ਨਹੀਂ ਹੈ, ਨਾ ਹੀ ਇਹ ਕੱਟੜਤਾ ਹੈ। ਇਹ ਸੱਚੀ ਚੰਗੀ, ਪੁਰਾਣੀ, ਨਿੱਘੀ ਇੰਜੀਲ, ਪਰਮੇਸ਼ੁਰ ਦਾ ਦਿਲੋਂ ਪਿਆਰ ਹੈ, ਸੜਕ ਦੇ ਬਿਲਕੁਲ ਵਿਚਕਾਰ ਜਾ ਕੇ, ਦੋਵੇਂ ਪਾਸਿਆਂ ਤੋਂ ਬੁਲਾ ਰਿਹਾ ਹੈ। ਇਹ ਠੀਕ ਹੈ। ਹੁਣ ਇਹ ਕੀ ਹੈ...ਅਤੇ ਤੁਸੀਂ ਉਸ ਕਲੀਸਿਯਾ ਨੂੰ ਕਿਵੇਂ ਪ੍ਰਾਪਤ ਕਰੋਗੇ? ਠੀਕ ਵਚਨ ਦੇ ਵਿੱਚੋਂ, ਜੋ ਉਰੀਮ ਤੁਮੀਮ ਹੈ।

72 ਹੁਣ, ਪੌਲੁਸ ਇਸ ਕਲੀਸਿਯਾ ਨੂੰ ਸੜਕ ਦੇ ਵਿਚਕਾਰ ਲਿਆਉਣਾ ਚਾਹੁੰਦਾ ਸੀ, ਇਸ ਲਈ ਉਸਨੇ ਜਾ ਕੇ ਤਿੰਨ ਸਾਲਾਂ ਤੱਕ ਸ਼ਾਸਤਰ ਦਾ ਅਧਿਐਨ ਕੀਤਾ ਜਿਸ ਬਾਰੇ ਉਹ ਜਾਣਦਾ ਸੀ। ਇਸ ਲਈ, ਪੌਲੁਸ ਨੇ ਇਸ ਨਵੇਂ ਨੇਮ ਦਾ ਵੱਡਾ ਹਿੱਸਾ ਲਿਖਿਆ। ਪਰਮੇਸ਼ੁਰ ਨੇ ਉਸਨੂੰ ਅਜਿਹਾ ਕਰਨ ਲਈ ਕਿਹਾ ਕਿਉਂਕਿ ਇਹ ਪਰਾਈਆਂ ਕੌਮਾਂ ਦਾ ਯੁੱਗ ਆ ਰਿਹਾ ਸੀ। ਮਤੀ, ਮਰਕੁਸ, ਲੂਕਾ, ਅਤੇ ਯੂਹੰਨਾ, ਚਾਰ ਇੰਜੀਲਾਂ, ਉਹ ਯਹੂਦੀ ਸਨ। ਪਰ ਪੌਲੁਸ ਨੇ ਸਭ ਤੋਂ ਵੱਧ ਚਿੱਠੀਆਂ ਲਿਖੀਆਂ।

73 ਹੁਣ ਧਿਆਨ ਦਿਓ, ਹੁਣ, ਅਸੀਂ ਹੁਣ ਇਸ ਪਿਛੋਕੜ ਨੂੰ ਸ਼ੁਰੂ ਕਰਨ ਜਾ ਰਹੇ ਹਾਂ, ਜਿੱਥੇ ਉਹ ਹੈ, ਇਹ ਲਿਖ ਰਿਹਾ ਹੈ, ਜੇਲ੍ਹ ਵਿੱਚੋਂ। ਅਤੇ ਉਸ ਕੋਲ ਇਹ ਸਾਰਾ ਅਨੁਭਵ ਸੀ। ਪਰ, ਪਹਿਲਾਂ, ਇਹ ਤਜਰਬਾ ਪਹਿਲਾਂ ਸਾਬਤ ਹੋਇਆ ਸੀ, ਅਤੇ ਇਹ ਇਸਦਾ ਮੁੱਖ ਪੱਤਰ ਹੈ। ਇਹ ਉਸਦਾ ਮੁੱਖ ਪੱਤਰ ਹੈ। ਰੋਮੀਆਂ ਅਤੇ ਅਫ਼ਸੀਆਂ ਅਤੇ ਇਸ ਤਰ੍ਹਾਂ ਦੇ ਹੋਰਾਂ ਦੀ ਆਪਣੀ ਜਗ੍ਹਾ ਹੈ, ਪਰ ਇਹ ਮੁੱਖ ਪੱਤਰ ਹੈ।

74 ਹੁਣ, ਪੂਰਾ 1 ਅਧਿਆਏ ਯਿਸੂ ਨੂੰ ਉੱਚਾ ਕਰ ਰਿਹਾ ਹੈ, ਅਤੇ ਉਸਨੂੰ ਇੱਕ ਨਬੀ ਹੋਣ ਤੋਂ ਵੱਖ ਕਰ ਰਿਹਾ ਹੈ। ਇਹ ਹੁਣ ਸਾਰਾ ਵਿਸ਼ਾ ਹੈ। ਮੈਂ ਜਿੰਨੀ ਜਲਦੀ ਹੋ ਸਕੇ ਮੈਂ ਇਸ ਤੇ ਜਾਣ ਦੀ ਕੋਸ਼ਿਸ਼ ਕਰਾਂਗਾ, ਤਾਂ ਜੋ ਅਸੀਂ ਜ਼ਿਆਦਾ ਦੇਰ ਰੁਕੇ ਨਾ ਰਹੀਏ। ਸਾਰਾ ਵਿਸ਼ਾ ਵੱਖਰਾ ਕਰ ਰਿਹਾ ਹੈ ਨਵੇਂ ਅਧਿ-... ਨਵਾਂ...ਪਹਿਲਾ ਅਧਿਆਇ ਯਿਸੂ ਨੂੰ ਕਿਸੇ ਵੀ ਨਬੀ ਤੋਂ ਵੱਖ ਕਰ ਰਿਹਾ ਹੈ, ਜਾਂ ਕੋਈ ਵੀ ਸ਼ਰਾ, ਜਾਂ ਹੋਰ, ਅਤੇ ਇਹ ਦਰਸਾਉਂਦਾ ਹੈ ਕਿ ਯਿਸੂ ਕੌਣ ਹੈ। ਹੁਣ ਦੇਖੋ, "ਪਰਮੇਸ਼ੁਰ।" ਅਸੀਂ ਸ਼ੁਰੂਆਤ ਕਰਦੇ ਹਾਂ, ਪਹਿਲੇ ਸ਼ਬਦ ਤੋਂ, "ਪਰਮੇਸ਼ੁਰ।"

*ਪਰਮੇਸ਼ੁਰ ਨੇ,* ਜਿਨ-...*ਪਿਛਲਿਆਂ ਸਮਿਆਂ ਵਿੱਚ...*

*ਪਿਛਲਿਆਂ* ਦਾ ਮਤਲਬ ਹੈ ਕਿ "ਬਹੁਤ ਪਹਿਲਾਂ," ਪਿਛਲਿਆਂ ਸਮਿਆਂ ਵਿੱਚ।

*...ਪਿਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ ਗੱਲ ਕੀਤੀ ਸੀ,*

75 ਹੁਣ, ਦੇਖੋ, "ਪਰਮੇਸ਼ੁਰ ਨੇ, ਪਿਛਲਿਆਂ ਸਮਿਆਂ ਵਿੱਚ, ਬਹੁਤ ਪਹਿਲਾਂ, ਉਸਨੇ ਨਬੀਆਂ ਦੁਆਰਾ ਵੱਡਿਆਂ ਨਾਲ ਗੱਲ ਕੀਤੀ।" ਇਸ ਤਰ੍ਹਾਂ ਹੀ ਉਸ ਨੇ ਆਪਣੇ ਨਬੀ ਰਾਹੀਂ, ਆਪਣਾ ਸੰਦੇਸ਼ ਦੇਣਾ ਸੀ।

76 ਪਰਮੇਸ਼ੁਰ ਏਲੀਯਾਹ, ਯਿਰਮਿਯਾਹ, ਯਸਾਯਾਹ ਵਰਗੇ ਆਪਣੇ ਨਬੀ ਨੂੰ ਭੇਜੇਗਾ। ਅਤੇ ਜੇ ਤੁਸੀਂ ਧਿਆਨ ਦਿਓਗੇ, ਸੰਸਾਰ ਦੇ ਸਾਰੇ ਇਤਿਹਾਸ ਵਿੱਚ, ਕਦੇ ਵੀ ਕਲੀਸਿਯਾ ਨੇ ਇੱਕ ਨਬੀ ਪੈਦਾ ਨਹੀਂ ਕੀਤਾ। ਇਸਨੂੰ ਪੁਰਾਣੇ ਨੇਮ, ਨਵੇਂ ਨੇਮ, ਜਾਂ ਇਸ ਦਿਨ ਵਿੱਚ, ਬਾਅਦ ਦੇ ਦਿਨਾਂ ਵਿੱਚ ਖੋਜੋ। ਮੈਨੂੰ ਦਿਖਾਓ ਕਿ ਕੋਈ ਵੀ ਨਬੀ ਕਦੇ ਵੀ ਅੰਤ ਦੇ ਦਿਨਾਂ ਵਿੱਚ ਕਲੀਸਿਯਾ ਵਿੱਚੋਂ ਉੱਠਿਆ ਹੋਵੇ। ਮੈਨੂੰ ਇੱਕ ਵੀ ਦਿਖਾਓ ਜੋ ਉੱਠਿਆ ਹੋਵੇ, ਬਾਹਰ ਆਇਆ ਹੋਵੇ। ਅਤੇ ਮੈਨੂੰ ਇੱਕ ਵਾਰ ਦਿਖਾਓ ਕਿ ਇੱਕ ਨਬੀ, ਪਰਮੇਸ਼ੁਰ ਦਾ ਇੱਕ ਸੱਚਾ ਸੇਵਕ, ਕਿ ਸੰਸਾਰ ਦੀ ਧਾਰਮਿਕ ਪ੍ਰਣਾਲੀ ਨੇ ਉਸਦੀ ਨਿੰਦਾ ਨਹੀਂ ਕੀਤੀ।

77 ਜ਼ਰਾ ਇਸ ਬਾਰੇ ਸੋਚੋ। ਯਿਰਮਿਯਾਹ, ਯਸਾਯਾਹ, ਸਾਰੇ ਪੁਰਾਣੇ ਨੇਮ ਵਿੱਚ, ਉਹ ਉਨ੍ਹਾਂ ਦੀ ਨਿੰਦਾ ਕਰਦੇ ਹਨ। ਯਿਸੂ ਨੇ ਕਿਹਾ, "ਤੁਸੀਂ ਨਬੀਆਂ ਦੀਆਂ ਕਬਰਾਂ ਨੂੰ ਸਜਾਉਂਦੇ ਹੋ ਅਤੇ ਉਨ੍ਹਾਂ ਨੂੰ ਸਫ਼ੇਦੀ ਫੇਰਦੇ ਹੋ, ਪਰ ਤੁਸੀਂ ਹੀ ਉਨ੍ਹਾਂ ਨੂੰ ਉੱਥੇ ਰੱਖਣ ਵਾਲੇ ਹੋ।" ਇਹ ਠੀਕ ਹੈ।

78 ਕਲੀਸਿਯਾ ਇਸ ਨੂੰ ਜਾਰੀ ਰੱਖਦੀ ਹੈ। ਸੰਤ ਪੈਟ੍ਰਿਕ ਨੂੰ ਦੇਖੋ। ਤੁਸੀਂ ਕੈਥੋਲਿਕ ਲੋਕ ਉਸ ਦਾ ਦਾਅਵਾ ਕਰਦੇ ਹੋ। ਉਹ ਮੇਰੇ ਨਾਲੋਂ ਜ਼ਿਆਦਾ ਕੈਥੋਲਿਕ ਨਹੀਂ ਹੈ। ਇਹ ਠੀਕ ਹੈ। ਪਰ ਤੁਸੀਂ ਉਸ ਦਾ ਦਾਅਵਾ ਕਰਦੇ ਹੋ।

79 ਅਸੀਸੀ ਦੇ ਸੇਂਟ ਫਰਾਂਸਿਸ ਨੂੰ ਦੇਖੋ। ਉਸ ਦਾ ਦਾਅਵਾ ਕਰਦੇ ਹੋ। ਉਹ ਮੇਰੇ ਨਾਲੋਂ ਜ਼ਿਆਦਾ ਕੈਥੋਲਿਕ ਨਹੀਂ ਹੈ।

80 ਜੋਨ ਆਫ ਆਰਕ ਨੂੰ ਦੇਖੋ। ਤੁਸੀਂ ਉਸਨੂੰ ਇੱਕ ਡੈਣ ਵਾਂਗ, ਸੂਲੀ ਤੇ ਸਾੜ ਦਿੱਤਾ, ਕਿਉਂਕਿ ਉਸਨੇ ਦਰਸ਼ਨ ਦੇਖੇ ਅਤੇ ਉਹ ਆਤਮਿਕ ਸੀ। ਉਸ ਨੂੰ ਸੂਲੀ ਤੇ ਸਾੜ ਦਿੱਤਾ। ਅਤੇ ਉਹ ਔਰਤ ਦਇਆ ਲਈ ਪੁਕਾਰ ਰਹੀ ਸੀ, ਅਤੇ ਉਨ੍ਹਾਂ ਨੇ ਉਸਨੂੰ ਸੂਲੀ ਤੇ ਸਾੜ ਦਿੱਤਾ। ਲਗਭਗ ਸੌ ਸਾਲ ਬਾਅਦ, ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਇੱਕ ਨਬੀਆ ਸੀ। ਉਹ ਪਰਮੇਸ਼ੁਰ ਦੀ ਸੇਵਕ ਸੀ। ਔਹ, ਬੇਸ਼ੱਕ, ਤੁਸੀਂ ਇੱਕ ਵੱਡਾ ਜ਼ੁਰਮ ਕੀਤਾ: ਤੁਸੀਂ ਜਾਜਕਾਂ ਦੀਆਂ ਲਾਸ਼ਾਂ ਨੂੰ ਪੁੱਟਿਆ ਅਤੇ ਉਨ੍ਹਾਂ ਨੂੰ ਨਦੀ ਵਿੱਚ ਸੁੱਟ ਦਿੱਤਾ।

81 "ਤੁਸੀਂ ਨਬੀਆਂ ਦੀਆਂ ਕਬਰਾਂ ਨੂੰ ਸਜਾਉਂਦੇ ਹੋ, ਅਤੇ ਉਨ੍ਹਾਂ ਨੂੰ ਉੱਥੇ ਰੱਖ ਦਿੰਦੇ ਹੋ।" ਠੀਕ ਹੈ। ਧਾਰਮਿਕ ਪ੍ਰਣਾਲੀ ਨੇ ਕਦੇ ਵੀ ਪਰਮੇਸ਼ੁਰ ਦਾ ਮਨੁੱਖ ਪੈਦਾ ਨਹੀਂ ਕੀਤਾ; ਕਦੇ ਨਹੀਂ ਕੀਤਾ, ਅੱਜ ਤਕ ਨਹੀਂ ਕੀਤਾ, ਅਤੇ ਕਦੇ ਨਹੀਂ ਕਰੇਗੀ। ਸੰਗਠਿਤ ਧਰਮ ਕਦੇ ਵੀ ਪਰਮੇਸ਼ੁਰ ਦਾ ਵਿਸ਼ਾ ਨਹੀਂ ਰਿਹਾ।

82 ਦੁਨੀਆ ਦੀ ਸਭ ਤੋਂ ਪੁਰਾਣੀ ਸੰਗਠਿਤ ਕਲੀਸਿਯਾ ਕੈਥੋਲਿਕ ਕਲੀਸਿਯਾ ਹੈ; ਲੂਥਰ, ਦੂਜਾ; ਫਿਰ ਆਉਂਦਾ ਹੈ, ਜਵਿੰਗਲੀ; ਜ਼ਵਿੰਗਲੀ ਤੋਂ ਬਾਅਦ, ਕੈਲਵਿਨ ਆਇਆ; ਕੈਲਵਿਨ, ਤੋਂ ਬਾਅਦ, ਐਂਜਲੀਕਨ, ਐਂਗਲੋ-ਸੈਕਸਨ ਆਉਂਦੇ ਹਨ, ਫਿਰ ਐਂਜਲੀਕਨ ਕਲੀਸਿਯਾ; ਅਤੇ ਰਾਜਾ ਹੈਨਰੀ ਅੱਠਵਾਂ, ਜਦੋਂ ਉਸਨੇ ਵਿਰੋਧ ਕੀਤਾ, ਅਤੇ ਇਸ ਤਰ੍ਹਾਂ ਅੱਗੇ; ਅਤੇ ਹੇਠਾਂ ਵੈਸਲੀ ਮੈਥੋਡਿਸਟ, ਅਤੇ ਨਾਜ਼ਰੀਨ, ਪਿਲਗ੍ਰੀਮ ਹੋਲੀਨੇਸ; ਅਤੇ ਹੇਠਾਂ ਅਖੀਰ ਤੱਕ, ਪੈਂਟੀਕੋਸਟਲ, ਸਾਰੇ ਸੰਗਠਿਤ ਹਨ। ਅਤੇ ਬਾਈਬਲ ਸਾਫ਼ ਸਿਖਾਉਂਦੀ ਹੈ ਕਿ ਕੈਥੋਲਿਕ ਕਲੀਸਿਯਾ ਇੱਕ—ਇੱਕ ਬਦ-ਨਾਮ ਔਰਤ ਹੈ, ਅਤੇ ਪ੍ਰੋਟੈਸਟੈਂਟ ਕਲੀਸਿਯਾ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਉਸ ਦੀਆਂ ਧੀਆਂ ਹਨ, ਪਰਕਾਸ਼ ਦੀ ਪੋਥੀ 17। ਇਹ ਬਿਲਕੁਲ ਸਹੀ ਹੈ। ਇਸ ਲਈ ਉਹ ਹਨ…

83 ਹੁਣ, ਲੋਕ ਨਹੀਂ। ਉਨ੍ਹਾਂ ਸਾਰੀਆਂ ਕਲਿਸਿਯਾਂ ਵਿੱਚ ਚੰਗੇ ਲੋਕ ਹਨ; ਸੰਤ, ਬਚਾਏ ਹੋਏ ਲੋਕ। ਪਰ ਪਰਮੇਸ਼ੁਰ ਆਪਣੇ ਲੋਕਾਂ ਨੂੰ ਕਿਸੇ ਸੰਗਠਨ ਦੁਆਰਾ ਨਹੀਂ ਬੁਲਾਉਂਦਾ। ਉਹ ਉਨ੍ਹਾਂ ਨੂੰ ਵਿਅਕਤੀਗਤ ਤੌਰ ਤੇ ਬੁਲਾਉਂਦਾ ਹੈ। ਪਰਮੇਸ਼ੁਰ ਵਿਅਕਤੀਆਂ ਨਾਲ ਵਿਹਾਰ ਕਰਦਾ ਹੈ, ਭਾਵੇਂ ਤੁਸੀਂ ਮੈਥੋਡਿਸਟ, ਬੈਪਟਿਸਟ, ਪ੍ਰੋਟੈਸਟੈਂਟ, ਅਤੇ ਕੈਥੋਲਿਕ ਹੋ, ਜਾਂ ਤੁਸੀਂ ਜੋ ਵੀ ਹੋ। ਪਰਮੇਸ਼ੁਰ, ਜਗਤ ਦੀ ਨੀਂਹ ਤੋਂ ਪਹਿਲਾਂ, ਤੁਹਾਨੂੰ ਜਾਣਦਾ ਸੀ, ਅਤੇ ਤੁਹਾਨੂੰ ਸਦੀਵੀ ਜੀਵਨ ਲਈ ਪੂਰਵ-ਨਿਰਧਾਰਤ ਕੀਤਾ, ਜਾਂ ਜਾਂ ਤਾਂ ਤੁਸੀਂ ਸਦੀਵੀ ਨੁਕਸਾਨ ਲਈ ਪੂਰਵ-ਨਿਰਧਾਰਤ ਸੀ। ਨਹੀਂ…

84 ਉਹ ਇਹ ਨਹੀਂ ਚਾਹੁੰਦਾ ਸੀ ਕਿ ਤੁਸੀਂ ਨਾਸ਼ ਹੋ ਜਾਵੋ, ਤੁਸੀਂ ਨਾਸ਼ ਹੋ ਜਾਓ। ਪਰ, ਉਹ ਬੇਅੰਤ ਹੋਣ ਕਰਕੇ, ਉਸਨੂੰ ਸ਼ੁਰੂ ਤੋਂ ਅੰਤ ਨੂੰ ਜਾਣਨਾ ਸੀ, ਜਾਂ ਫਿਰ ਉਹ ਪਰਮੇਸ਼ੁਰ ਨਹੀਂ ਹੈ। ਇਸ ਲਈ ਯਿਸੂ ਕਦੇ ਵੀ ਇਹ ਕਹਿਣ ਲਈ ਧਰਤੀ ਉੱਤੇ ਨਹੀਂ ਆਇਆ, "ਅੱਛਾ, ਮੈਂ ਦੇਖਾਂਗਾ ਕਿ ਕੀ ਕੋਈ ਰਹਿਮ ਕਰੇਗਾ…ਜੇ ਮੈਂ ਕੰਮ ਕਰਦਾ ਹਾਂ ਅਤੇ ਮਰਦਾ ਹਾਂ, ਇੱਕ ਮੁਸ਼ਕਲ ਤਰੀਕੇ ਨਾਲ, ਉਹ ਸ਼ਾਇਦ ਸੋਚਣਗੇ, 'ਖੈਰ, ਮੈਂ…' ਇਹ ਹੋਵੇਗਾ—ਇਹ ਉਹਨਾਂ ਦੇ ਦਿਲਾਂ ਨੂੰ ਕਾਇਲ ਕਰੇਗਾ, ਅਤੇ ਉਹ…" ਪਰਮੇਸ਼ੁਰ ਆਪਣਾ ਕਾਰੋਬਾਰ ਇਸ ਤਰ੍ਹਾਂ ਨਹੀਂ ਚਲਾਉਂਦਾ।

85 ਯਿਸੂ ਇੱਕ ਖਾਸ ਮਕਸਦ ਲਈ ਆਇਆ ਸੀ, ਇਹ ਹੈ, ਉਹਨਾਂ ਨੂੰ ਬਚਾਉਣ ਲਈ ਜਿਨ੍ਹਾਂ ਨੂੰ ਪਰਮੇਸ਼ੁਰ, ਜਗਤ ਦੀ ਨੀਂਹ ਤੋਂ ਪਹਿਲਾਂ, ਜਾਣਦਾ ਸੀ ਕਿ ਬਚਾਇਆ ਜਾਵੇਗਾ। ਉਸ ਨੇ ਅਜਿਹਾ ਕਿਹਾ। ਇਹ ਠੀਕ ਹੈ। ਇਸ ਲਈ ਤੁਸੀਂ ਹੋ…"ਇਹ ਉਹ ਨਹੀਂ ਹੈ ਜੋ ਚਾਹੁੰਦਾ ਹੈ, ਜਾਂ ਉਹ ਜੋ ਦੌੜਦਾ ਹੈ; ਇਹ ਪਰਮੇਸ਼ੁਰ ਹੈ ਜੋ ਦਇਆ ਕਰਦਾ ਹੈ।" ਪੌਲੁਸ ਨੇ ਇਹ ਕਿਹਾ ਸੀ। ਉਹੀ ਆਦਮੀ ਇੱਥੇ ਹੈ।

86 ਉਸ ਨੇ ਕਿਹਾ, "ਇਹੀ ਕਾਰਨ ਹੈ ਕਿ ਪਰਮੇਸ਼ੁਰ ਕਹਿ ਸਕਦਾ ਹੈ, ਏਸਾਓ ਜਾਂ ਯਾਕੂਬ ਦੇ ਜਨਮ ਤੋਂ ਪਹਿਲਾਂ, ਉਸ ਨੇ ਕਿਹਾ, 'ਮੈਂ ਇੱਕ ਨੂੰ ਪਿਆਰ ਕਰਦਾ ਹਾਂ ਅਤੇ ਦੂਜੇ ਨੂੰ ਨਫ਼ਰਤ ਕਰਦਾ ਹਾਂ।'" ਉਨਾਂ ਵਿੱਚੋਂ ਇੱਕ ਵੀ ਲੜਕੇ ਦੇ ਜਨਮ ਤੋਂ ਪਹਿਲਾਂ, ਪਰਮੇਸ਼ੁਰ ਜਾਣਦਾ ਸੀ ਕਿ ਏਸਾਓ ਇੱਕ ਬੇਈਮਾਨ ਆਦਮੀ ਸੀ, ਅਤੇ ਉਹ ਜਾਣਦਾ ਸੀ ਕਿ ਯਾਕੂਬ…ਆਪਣੇ ਜਨਮ ਅਧਿਕਾਰ ਨੂੰ ਪਿਆਰ ਕਰਦਾ ਸੀ। ਇਸ ਲਈ ਉਹ ਇਸ ਬਾਰੇ, ਜਾਣਦਾ ਸੀ, ਸੰਸਾਰ ਦੇ ਬਣਨ ਤੋਂ ਵੀ ਪਹਿਲਾਂ। ਹੁਣ, ਅਸੀਂ ਇੱਕ ਮਿੰਟ ਵਿੱਚ ਇਹ ਪਤਾ ਲਗਾਉਣ ਜਾ ਰਹੇ ਹਾਂ ਕਿ ਇਹ ਕੌਣ ਸੀ ਜੋ ਇਸਨੂੰ ਜਾਣਦਾ ਸੀ। ਇਸ ਅਧਿਆਏ ਵਿੱਚ ਇਹ ਹੈ।

> ਪਰਮੇਸ਼ੁਰ ਨੇ,…ਜਿਨ *ਪਿਛਲਿਆਂ* ਸਮਿਆਂ *ਵਿੱਚ ਨਬੀਆਂ ਦੇ* ਰਾਹੀਂ ਸਾਡੇ…ਵੱਡਿਆਂ *ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ ਗੱਲ ਕੀਤੀ ਸੀ,*
>
> *ਇਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ,…*

ਕੀ ਕੀਤਾ ਹੈ? "ਇਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ।"

87 ਹੁਣ, ਫਿਰ ਤੁਸੀਂ ਕਿਵੇਂ ਸੋਚੋਗੇ, ਕਿ, ਇੱਕ ਨਬੀ ਕੀ ਹੋਵੇਗਾ? ਕੀ ਸਾਡੇ ਕੋਲ ਇਸ ਦਿਨ ਦਾ ਕੋਈ ਨਬੀ ਹੋਵੇਗਾ? ਬਿਲਕੁਲ। ਕੀ ਉਹ ਸਾਡੇ ਨਾਲ ਗੱਲ ਕਰੇਗਾ? ਯਕੀਨਨ। ਪਰ ਉਹ ਕਿ…ਪੁਰਾਣੇ ਜ਼ਮਾਨੇ ਦੇ ਨਬੀ ਯਿਸੂ ਮਸੀਹ ਦੀ ਆਤਮਾ ਸਨ।

88 ਹੁਣ, ਆਓ ਇਸ ਨੂੰ ਸਿੱਧਾ ਕਰੀਏ, ਕਿਉਂਕਿ ਮੈਨੂੰ ਨਹੀਂ ਲੱਗਦਾ ਕਿ ਇਹ ਸਹੀ ਤਰ੍ਹਾਂ ਸਮਝ ਆ ਰਿਹਾ ਹੈ। ਹੁਣ, ਇਹ ਬਸ ਇੱਕ ਸੰਡੇ ਸਕੂਲ ਵਰਗਾ ਹੈ, ਇਸ ਲਈ ਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ। ਸਮਝੇ?

89 ਧਿਆਨ ਦਿਓ। ਆਓ ਅਸੀਂ ਪਰਮੇਸ਼ੁਰ ਦੀ ਆਤਮਾ ਨੂੰ ਲੈ ਲਈਏ ਜੋ ਮੂਸਾ ਵਿੱਚ ਸੀ, ਜੋ ਬਿਲਕੁਲ…ਯਿਸੂ ਮਸੀਹ ਦਾ ਪਰਛਾਵਾਂ ਹੈ। ਪੁਰਾਣੇ ਨੇਮ

ਦੇ ਸਾਰੇ ਪਾਤਰ ਸਲੀਬ ਨੂੰ ਦਰਸਾਉਂਦੇ ਹਨ। ਮੂਸਾ, ਇੱਕ ਸਹੀ ਬੱਚਾ ਪੈਦਾ ਹੋਇਆ, ਝਾੜੀਆਂ ਵਿੱਚ ਛੁਪਾਇਆ ਗਿਆ, ਆਪਣੇ ਮਾਪਿਆਂ ਤੋਂ ਖੋਹ ਲਿਆ ਗਿਆ, ਵਗੈਰਾ ਵਗੈਰਾ, ਅਤੇ ਸੀ...ਉਹ ਇੱਕ ਰਾਜਾ ਸੀ, ਜਾਂ ਇੱਕ—ਇੱਕ ਆਗੂ, ਕਾਨੂੰਨ-ਘੜਨ ਵਾਲਾਂ, ਵਿਚੋਲਗੀ ਕਰਨ ਵਾਲਾ, ਜਾਜਕ। ਉਹ ਸਭ ਕੁਝ ਜੋ ਮਸੀਹ ਨੂੰ ਦਰਸਾਉਂਦਾ ਸੀ।

90 ਯੂਸੁਫ਼ ਨੂੰ ਦੇਖੋ, ਆਪਣੇ ਪਿਤਾ ਦਾ ਪਿਆਰਾ, ਆਪਣੇ ਭਰਾਵਾਂ ਤੋਂ ਨਫ਼ਰਤ ਕੀਤਾ ਗਿਆ, ਅਤੇ ਚਾਂਦੀ ਦੇ ਲਗਭਗ ਤੀਹ ਸਿੱਕਿਆਂ ਲਈ ਵੇਚਿਆ ਗਿਆ। ਮਰਿਆ ਹੋਇਆ ਸਮਝ ਕੇ, ਇੱਕ ਟੋਏ ਵਿੱਚ ਸੁੱਟਿਆ ਗਿਆ; ਬਾਹਰ ਕੱਢ ਲਿਆ ਗਿਆ। .ਉਸਦੀ ਕੈਦ ਦੌਰਾਨ, ਰਸੋਈਆ ਬਚਾਇਆ ਗਿਆ, ਅਤੇ ਕਸਾਈ ਨਾਸ਼ ਹੋ ਗਿਆ; ਸਲੀਬ ਤੇ ਦੋ ਚੋਰ। ਅਤੇ ਜਦੋਂ ਉਹ ਬਾਹਰ ਆਇਆ, ਤਾਂ ਉਹ ਉਸ ਟੋਏ ਵਿੱਚੋਂ ਉੱਠਿਆ ਅਤੇ ਫ਼ਿਰਊਨ ਦੇ ਸੱਜੇ ਹੱਥ ਜਾ ਬੈਠਾ, ਸਭ ਤੋਂ ਵੱਡਾ ਵਪਾਰਕ...ਉਹ ਕੌਮ ਜਿਸਨੇ ਬਾਕੀ ਸਾਰੀ ਦੁਨੀਆਂ ਨੂੰ ਕੋਰੜੇ ਮਾਰੇ। ਅਤੇ ਕੋਈ ਵੀ ਮਨੁੱਖ ਫ਼ਿਰਊਨ ਕੋਲ ਨਹੀਂ ਆ ਸਕਦਾ ਸੀ ਜਦੋਂ ਤੱਕ ਉਹ ਯੂਸੁਫ਼ ਰਾਹੀਂ ਨਹੀਂ ਆਉਂਦਾ ਸੀ; ਯਿਸੂ ਪਰਮੇਸ਼ੁਰ ਦੇ ਸੱਜੇ ਪਾਸੇ ਬੈਠਾ ਹੈ, ਅਤੇ ਕੋਈ ਵੀ ਵਿਅਕਤੀ ਮਸੀਹ ਤੋਂ ਬਿਨਾਂ ਪਰਮੇਸ਼ੁਰ ਕੋਲ ਨਹੀਂ ਆ ਸਕਦਾ। ਅਤੇ ਜਦੋਂ ਯੂਸੁਫ਼ ਉਸ ਸਿੰਘਾਸਣ ਨੂੰ ਛੱਡ ਕੇ ਬਾਹਰ ਨਿਕਲਦਾ ਸੀ, ਤਾਂ ਲੋਕ ਚੀਕਦੇ ਅਤੇ ਤੁਰ੍ਹੀਆਂ ਵਜਾਉਂਦੇ ਹੋਏ, ਉਸਦੇ ਅੱਗੇ-ਅੱਗੇ ਚੱਲਦੇ ਸਨ, ਤੁਰ੍ਹੀ ਵਜਾਉਂਦੇ ਹੋਏ, ਕਹਿੰਦੇ ਸਨ "ਗੋਡਾ ਝੁਕਾਓ! ਯੂਸੁਫ਼ ਆ ਰਿਹਾ ਹੈ।"

91 ਅਤੇ ਜਦੋਂ ਯਿਸੂ ਆਵੇਗਾ, ਇੱਕ ਤੁਰ੍ਹੀ ਵੱਜੇਗੀ, ਅਤੇ ਹਰ ਗੋਡਾ ਝੁਕੇਗਾ, ਅਤੇ ਹਰ ਜੀਭ ਇਕਰਾਰ ਕਰੇਗੀ। ਹਾਂ, ਸ਼੍ਰੀਮਾਨ। ਉੱਥੇ ਉਹ ਸੀ।

92 ਅਤੇ ਜਦੋਂ ਯੂਸੁਫ਼ ਦੀ ਮੌਤ ਹੋਈ, ਉਸਨੇ ਉਨ੍ਹਾਂ ਲਈ ਇੱਕ ਯਾਦਗਾਰ ਛੱਡੀ ਜੋ ਛੁਟਕਾਰੇ ਦੀ ਉਡੀਕ ਕਰ ਰਹੇ ਸਨ।

93 ਮੈਂ ਪੁਰਾਣੇ ਸੰਦੂਕ ਤੇ ਆਪਣਾ ਹੱਥ ਰੱਖਿਆ, ਇੱਥੇ ਕੁਝ ਸਮਾਂ ਪਹਿਲਾਂ, ਇਹ ਸੀਸੇ ਦਾ ਬਣਿਆ ਹੋਇਆ ਸੀ। ਅਤੇ ਉਸ ਦੀ ਲਾਸ਼ ਬਚੀ ਰਹਿਣੀ ਚਾਹੀਦੀ ਸੀ...ਉਸ ਦੀਆਂ ਹੱਡੀਆਂ...ਕਿਹਾ, "ਤੂੰ ਮੈਨੂੰ ਇੱਥੇ ਨਾ ਦਫ਼ਨਾਇਓ, ਕਿਉਂਕਿ ਕਿਸੇ ਦਿਨ, ਪਰਮੇਸ਼ੁਰ ਤੁਹਾਡੇ ਕੋਲ ਆਵੇਗਾ।" ਉਹ ਇੱਕ ਨਬੀ ਸੀ। "ਪਰਮੇਸ਼ੁਰ ਤੁਹਾਡੇ ਕੋਲ ਆਵੇਗਾ।" ਅਤੇ ਕਿਹਾ, "ਜਦੋਂ ਤੁਸੀਂ ਵਾਅਦਾ ਕੀਤੇ ਹੋਏ ਦੇਸ਼ ਵਿੱਚ ਜਾਓ, ਤਾਂ ਮੇਰੀਆਂ ਹੱਡੀਆਂ ਨੂੰ ਲੈ ਜਾਣਾ।"

94 ਹਹਰੇਕ ਬਜੁਰਗ ਇਬਰਾਨੀ, ਇੱਕ ਧੜਕਣ ਅਤੇ ਖ਼ੂਨ ਨਾਲ, ਉਸ ਤਾਬੂਤ ਵਿੱਚ ਵੇਖ ਸਕਦਾ ਹੈ ਅਤੇ ਕਹਿ ਸਕਦਾ ਹੈ, "ਕਿਸੇ ਦਿਨ, ਅਸੀਂ ਬਾਹਰ ਜਾ ਰਹੇ ਹਾਂ।"

95 ਯਿਸੂ ਨੇ ਇੱਕ ਯਾਦਗਾਰ, ਇੱਕ ਖਾਲੀ ਕਬਰ ਛੱਡ ਦਿੱਤੀ। ਕਿਸੇ ਦਿਨ ਜਦੋਂ ਅਸੀਂ ਕਬਰ ਤੇ ਜਾਂਦੇ ਹਾਂ, ਅਤੇ ਸਾਡੇ ਪਿਆਰੇ, ਅਤੇ ਛੋਟੀ ਟੋਲੀ ਨੂੰ ਸੁਣਦੇ ਹਨ, ਜਦੋਂ ਉਹ ਕਹਿੰਦੇ ਹਨ, "ਸੁਆਹ ਤੋਂ ਸੁਆਹ, ਅਤੇ ਮਿੱਟੀ ਤੋਂ ਮਿੱਟੀ, ਅਤੇ ਧਰਤੀ ਤੋਂ ਧਰਤੀ।" ਪਰ, ਭਾਈ, ਅਸੀਂ ਸਮੁੰਦਰ ਦੇ ਪਾਰ, ਇੱਕ ਖਾਲੀ ਕਬਰ ਵੱਲ ਵੇਖ ਸਕਦੇ ਹਾਂ। ਕਿਸੇ ਦਿਨ, ਅਸੀਂ ਇੱਥੋਂ ਬਾਹਰ ਜਾ ਰਹੇ ਹਾਂ। ਅਸੀਂ ਘਰ ਜਾ ਰਹੇ ਹਾਂ। ਉਹ ਆ ਰਿਹਾ ਹੈ। ਸਭ ਕੁਝ ਇੱਕ ਨਮੂਨਾ ਹੈ।

96 ਦਾਊਦ ਨੂੰ ਦੇਖੋ, ਉਸਦੇ ਆਪਣੇ ਲੋਕਾਂ ਦੁਆਰਾ ਰੱਦ ਦਿੱਤਾ ਗਿਆ, ਉਸਦੇ ਆਪਣੇ ਲੋਕਾਂ ਦੁਆਰਾ ਤਖਤਾ ਪਲਟਿਆ ਗਿਆ। ਯਰੂਸ਼ਲਮ ਦਾ ਰਾਜਾ ਹੋਣ ਕਰਕੇ, ਉਸ ਦੇ ਆਪਣੇ ਲੋਕਾਂ ਦੁਆਰਾ ਯਰੂਸ਼ਲਮ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਅਤੇ ਜਦੋਂ ਉਹ ਜੈਤੂਨ ਦੇ ਪਹਾੜ ਉੱਤੇ ਚੜ੍ਹਿਆ, ਉਸਨੇ ਪਿੱਛੇ ਮੁੜ ਕੇ ਵੇਖਿਆ ਅਤੇ ਰੋਇਆ। ਉਸ ਨੂੰ ਰੱਦ ਦਿੱਤਾ ਗਿਆ ਸੀ।

97 ਉਸ ਤੋਂ ਅੱਠ ਸੌ ਸਾਲ ਪਹਿਲਾਂ, ਦਾਊਦ ਦਾ ਪੁੱਤਰ, ਯਰੂਸ਼ਲਮ ਦਾ ਰਾਜਾ, ਇੱਕ ਪਹਾੜੀ ਉੱਤੇ ਬੈਠਾ ਅਤੇ ਰੋਇਆ, ਕਿਉਂਕਿ ਉਸਨੂੰ ਰੱਦ ਦਿੱਤਾ ਗਿਆ ਸੀ।

98 ਇਹ ਦਾਊਦ ਵਿੱਚ ਮਸੀਹ ਦਾ ਆਤਮਾ ਸੀ। ਇਹ ਸਭ ਸਲੀਬ ਦਾ ਪਰਛਾਵਾਂ ਸੀ। ਉਹ ਨਬੀ ਉੱਥੇ ਉਸ ਦੇ ਨਾਮ ਵਿੱਚ ਬੋਲੇ। ਉਹ ਉਸਦੇ ਨਾਮ ਵਿੱਚ ਜਿਉਂਦੇ ਸਨ। ਉਨ੍ਹਾਂ ਨੇ ਉਸਦੇ ਨਾਮ ਵਿੱਚ ਕੰਮ ਕੀਤਾ। ਯਕੀਨਨ। "ਪਰਮੇਸ਼ੁਰ ਨੇ ਜਿਨ ਪਿਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ ਗੱਲ ਕੀਤੀ, ਪਰ ਇਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ।"

99 ਇਸ ਲਈ ਨਬੀ ਅਤੇ ਆਤਮਿਕ ਮਨੁੱਖ, ਅੱਜ ਦੇ ਦਿਨ, ਕੇਵਲ ਮਸੀਹ ਦਾ ਪ੍ਰਤੀਬਿੰਬ ਹਨ। ਉੱਥੇ, ਉਹ ਸ਼ਰਾ ਦੁਆਰਾ ਖੜ੍ਹੇ ਸਨ, ਵੇਖੋ। ਇੱਥੇ ਉਹ ਖੜ੍ਹੇ ਹਨ, ਕਿਰਪਾ ਕਰਕੇ, ਦੂਜੇ ਪਾਸੇ ਵੱਲ ਦੇਖਦੇ ਹਨ।

100 ਇਬਰਾਨੀਆਂ 11 ਵਿੱਚ, ਆਖਰੀ ਅਧਿਆਇ, ਮੈਂ ਅਕਸਰ ਹੈਰਾਨ ਹੁੰਦਾ ਹਾਂ। ਆਖ਼ਰੀ ਅਧਿਆਇ ਵਿਚ, ਇਬਰਾਨੀਆਂ ਦੇ 11ਵੇਂ ਅਧਿਆਇ ਦਾ ਆਖ਼ਰੀ ਹਿੱਸਾ, ਜਦੋਂ ਉਹ ਅਬਰਾਹਾਮ ਬਾਰੇ ਗੱਲ ਕਰਦਾ ਹੈ। ਵਿਸ਼ਵਾਸ ਬਾਰੇ ਮਹਾਨ ਅਧਿਆਇ, ਅਤੇ ਅੰਤ ਵਿੱਚ, ਉਸਨੇ ਕਿਹਾ, "ਉਹ ਆਰਿਆਂ ਨਾਲ ਚੀਰੇ ਗਏ, ਕੰਗਾਲ ਅਤੇ ਦੁਖੀ ਹੋਏ ਹੋਏ, ਅਤੇ ਜਬਰੀ ਝੱਲਦੇ ਹੋਏ ਭੇਡਾਂ, ਅਤੇ ਬੱਕਰਿਆਂ ਦੀਆਂ ਖਲੜੀਆਂ ਪਹਿਨੇ ਮਾਰੇ ਮਾਰੇ ਫਿਰਦੇ ਰਹੇ। ਉਹ ਇੱਧਰ-ਉੱਧਰ ਭਟਕਦੇ ਰਹੇ, ਜਾਣ ਦੀ ਕੋਈ ਥਾਂ ਨਹੀਂ, ਨਫ਼ਰਤ ਕੀਤੀ

ਗਈ, ਤੁੱਛ ਜਾਣੇ ਗਏ, ਅਤੇ ਸਤਾਏ ਗਏ। ਜਿਨ੍ਹਾਂ ਦੇ, ਇਹ ਸੰਸਾਰ ਅਜਿਹੇ ਬੰਦਿਆਂ ਦੇ ਲਾਇਕ ਨਹੀਂ ਹੈ।"

101 ਤਦ ਪੌਲੁਸ ਖੜ੍ਹਾ ਹੁੰਦਾ ਹੈ ਅਤੇ ਕਹਿੰਦਾ ਹੈ, "ਪਰ ਸਾਡੇ ਬਿਨਾਂ ਉਹ ਸੰਪੂਰਨ ਨਹੀਂ ਹਨ।" ਕਿਉਂਕਿ ਉਨ੍ਹਾਂ ਨੇ ਸਿਰਫ਼ ਸਲੀਬ ਵੱਲ ਦੇਖਿਆ, ਅਤੇ ਅਸੀਂ ਸਲੀਬ *ਵਿੱਚੋਂ* ਵੇਖਦੇ ਹਾਂ। ਸਾਡੇ ਕੋਲ ਮਸੀਹ ਦਾ ਆਤਮਾ ਹੈ ਜਦੋਂ ਇਹ ਮਨੁੱਖੀ ਸਰੀਰ ਬਣ ਗਿਆ ਅਤੇ ਸਾਡੇ ਵਿੱਚ ਵੱਸਿਆ। ਅਸੀਂ ਇੱਥੇ ਪਵਿੱਤਰ ਆਤਮਾ ਦੁਆਰਾ ਆਏ ਹਾਂ, ਜੋ ਇਸ ਨਾਲੋਂ ਕਿਤੇ ਵਧੇਰੇ ਉੱਤਮ ਯੋਜਨਾ ਹੈ।

102 ਅਤੇ ਕਈ ਵਾਰ ਮੈਂ ਹੈਰਾਨ ਹੁੰਦਾ ਹਾਂ ਕਿ ਮਸੀਹਤ ਅੱਜ ਕੀ ਮੰਗ ਕਰਦੀ ਹੈ। ਇੱਕ ਨਗਰ ਵਿੱਚ ਜਾਣ ਵਾਲਾ ਪ੍ਰਚਾਰਕ...ਜਾਂ ਕੋਈ ਨਵਾਂ ਗਿਰਜਾ ਜਾਂ ਕੋਈ ਨਵਾਂ ਦੋਸ਼, ਆਪਣੇ ਆਪ ਨੂੰ ਨਬੀ ਕਹਿੰਦਾ ਹੈ, ਉੱਥੇ ਚੱਲਦਾ ਹੈ, ਕਹਿੰਦਾ ਹੈ, "ਖੈਰ, ਜੇ ਉਹ ਮੈਨੂੰ ਇੰਨੇ ਪੈਸੇ ਦੇਣਗੇ। ਜੇ ਮੈਨੂੰ ਸਭ ਤੋਂ ਵਧੀਆ ਕਾਰ ਮਿਲਦੀ ਹੈ। ਜੇਕਰ ਉਹ ਕਰਨਗੇ...ਜੇਕਰ ਮੇਰੀ ਤਨਖਾਹ ਹਰ ਛੇ ਮਹੀਨੇ ਬਾਅਦ ਵਧਾਈ ਜਾਵੇਗੀ।"

103 ਸਾਡੇ ਕੋਲ ਸਭ ਤੋਂ ਵਧੀਆ ਹੋਣਾ ਚਾਹੀਦਾ ਹੈ। ਸਾਡੇ ਕੋਲ ਵਧੀਆ ਘਰ ਹੋਣੇ ਚਾਹੀਦੇ ਹਨ। ਸਾਡੇ ਕੋਲ ਵਧੀਆ ਕੱਪੜੇ ਹੋਣੇ ਚਾਹੀਦੇ ਹਨ। ਅਸੀਂ ਉਦੋਂ ਕੀ ਕਰਾਂਗੇ ਜਦੋਂ ਅਸੀਂ ਉਨ੍ਹਾਂ ਬੰਦਿਆਂ ਦੀ ਹਜ਼ੂਰੀ ਵਿੱਚ ਖੜ੍ਹੇ ਹੋਵਾਂਗੇ, ਜੋ ਬੱਕਰੀਆਂ ਅਤੇ ਭੇਡਾਂ ਦੀਆਂ ਖੱਲਾਂ ਵਿੱਚ ਫਿਰਦੇ ਸਨ, ਉਨ੍ਹਾਂ ਦੇ ਸਿਰ ਰੱਖਣ ਲਈ ਕੋਈ ਥਾਂ ਨਹੀਂ, ਮਾਰੂਥਲਾਂ ਵਿੱਚ ਭਟਕਦੇ ਹੋਏ? ਅਤੇ ਕੋਈ ਸਾਡਾ ਮਜ਼ਾਕ ਉਡਾਉਂਦਾ ਹੈ ਅਤੇ ਅਸੀਂ ਕਲੀਸਿਯਾ ਛੱਡਣ ਲਈ ਤਿਆਰ ਹੋ ਜਾਂਦੇ ਹਾਂ ਅਤੇ ਦੁਬਾਰਾ ਵਾਪਸ ਨਹੀਂ ਜਾਂਦੇ। ਅੱਜ ਮਸੀਹਤ ਨੂੰ ਕੀ ਚਾਹੀਦਾ ਹੈ। ਸਾਨੂੰ ਆਪਣੇ ਆਪ ਤੋਂ ਸ਼ਰਮਿੰਦਾ ਹੋਣਾ ਚਾਹੀਦਾ ਹੈ।

ਹੇ ਪਰਮੇਸ਼ੁਰ, ਸਾਡੇ ਉੱਤੇ ਰਹਿਮ ਕਰ।

104 ਉਸ ਦਿਨ, ਉਸਨੇ ਨਬੀਆਂ ਦੁਆਰਾ ਗੱਲ ਕੀਤੀ, ਪਰ ਅੱਜ ਉਸਦੇ ਪੁੱਤਰ ਦੁਆਰਾ। ਇਹ ਉੱਥੇ ਇੱਕ ਨਬੀ ਦਾ ਬਚਨ ਸੀ। ਇਹ ਅੱਜ ਪੁੱਤਰ ਦਾ ਬਚਨ ਹੈ। ਔਹ, ਪ੍ਰਭੂ ਦਾ ਨਾਮ ਧੰਨ ਹੈ!

105 ਦੂਜੇ ਸ਼ਬਦਾਂ ਵਿਚ, ਜੇ ਤੁਸੀਂ ਪਰਛਾਵੇਂ, ਨਕਾਰਾਤਮਕ ਨੂੰ ਦੇਖ ਰਹੇ ਹੋ, ਤਾਂ ਤੁਸੀਂ ਗਲਤੀ ਕਰ ਸਕਦੇ ਹੋ। ਪਰ ਇਹ ਵਿਕਸਤ ਹੈ, ਤਸਵੀਰ ਸਪੱਸ਼ਟ ਹੈ। ਉਹ ਉਸ ਦੇ ਨਬੀ ਦੁਆਰਾ ਸੀ; ਇਹ ਉਸਦੇ ਪੁੱਤਰ ਦੁਆਰਾ ਹੈ। ਜੋ ਕਿ ਇੱਕ ਨਕਾਰਾਤਮਕ ਦੁਆਰਾ ਸੀ; ਇਹ ਇੱਕ ਸਕਾਰਾਤਮਕ ਦੁਆਰਾ ਹੈ। ਆਮੀਨ। ਤੁਸੀਂ ਇਸ ਨੂੰ ਦੇਖ ਰਹੇ ਹੋ? ਹਾਰਨ ਦਾ ਕੋਈ ਮੌਕਾ ਨਹੀਂ ਹੈ। ਇਹ

ਇੱਕ ਸਕਾਰਾਤਮਕ ਗੱਲ ਹੈ, ਅੱਜ ਉਸਦੇ ਪੁੱਤਰ ਦੁਆਰਾ। ਔਹ, ਕਿੰਨਾ ਸ਼ਾਨਦਾਰ!

> …*ਜਿਹ ਨੂੰ ਉਹ ਨੇ ਸਭਨਾਂ ਵਸਤਾਂ ਦਾ*…(ਔਹ, ਮੇਰੇ!)…*ਵਾਰਸ ਬਣਾਇਆ*,…

106 ਇਹ ਕੀ ਸੀ? ਇਹ ਇੱਕ ਨਿਯੁਕਤੀ ਸੀ। ਔਹ, ਸੁਣੋ। ਉਸਨੂੰ ਨਿਯੁਕਤ ਕੀਤਾ ਗਿਆ ਸੀ, ਮਸੀਹ ਸੀ, ਸਾਰੀਆਂ ਵਸਤਾਂ ਦਾ ਵਾਰਸ। ਔਹ, ਸ਼ੈਤਾਨ ਇਹ ਜਾਣਦਾ ਸੀ, ਅਦਨ ਦੇ ਬਾਗ਼ ਤੋਂ, ਤੁਸੀਂ ਦੇਖਦੇ ਹੋ, ਜਦੋਂ ਸ਼ੈਤਾਨ ਨੇ ਉਸ ਦਿਨ ਉੱਥੇ ਉਹ ਬਚਨ ਸੁਣਿਆ, ਉਨ੍ਹਾਂ ਲੋਕਾਂ ਦੇ ਨਿਆਂ ਵਿੱਚ। ਕਿਹਾ, "ਕਿਉਂਕਿ ਤੁਸੀਂ ਮਿੱਟੀ ਤੋਂ ਆਏ ਹੋ, ਤੁਸੀਂ ਵਾਪਸ ਮਿੱਟੀ ਵਿੱਚ ਚਲੇ ਜਾਓਗੇ; ਅਤੇ ਔਰਤ ਦੀ ਸੰਤਾਨ ਸੱਪ ਦੇ ਸਿਰ ਨੂੰ ਫੇਵੇਗੀ।" ਇੱਕ ਵਾਅਦਾ ਕੀਤੀ ਹੋਈ ਸੰਤਾਨ।

107 ਸ਼ੈਤਾਨ ਲਗਾਤਾਰ ਉਸ ਸੰਤਾਨ ਨੂੰ ਦੇਖਦਾ ਰਹਿੰਦਾ ਸੀ। ਜਦੋਂ ਹਾਬਲ ਦਾ ਜਨਮ ਹੋਇਆ, ਉਸਨੇ ਕਿਹਾ, "ਤੁਸੀਂ ਉੱਥੇ ਹੋ, ਇਹ ਬੀਜ ਹੈ।" ਅਤੇ ਉਸ ਨੇ ਹਾਬਲ ਨੂੰ ਮਾਰ ਦਿੱਤਾ। ਉਸ ਦੇ ਪੁੱਤਰ, ਕਾਇਨ ਨੇ, ਹਾਬਲ ਨੂੰ ਮਾਰ ਦਿੱਤਾ। ਅਤੇ ਜਿਵੇਂ ਹੀ ਹਾਬਲ ਮਰ ਗਿਆ, ਉਸਨੇ ਕਿਹਾ, "ਮੈਨੂੰ ਬੀਜ ਮਿਲ ਗਿਆ।" ਉਸ ਨੇ ਇਸ ਨੂੰ ਮਾਰ ਦਿੱਤਾ। ਉਸ ਨੇ ਕਿਹਾ, "ਮੈਂ ਇਸ ਨੂੰ ਲੈ ਲਿਆ।" ਪਰ, ਹਾਬਲ ਦੀ ਮੌਤ, ਸੇਤ ਦਾ ਜਨਮ ਦੁਬਾਰਾ ਜੀ ਉੱਠਣਾ ਸੀ। ਦੇਖੋ ਉਹ ਕਿਵੇਂ ਹੇਠਾਂ ਆਉਂਦੇ ਹਨ।

108 ਸੇਤ ਦਾ ਉਹ ਵੰਸ਼, ਇਹ ਹੇਠਾਂ ਆਉਂਦਾ ਹੈ, ਇੱਕ ਹਲੀਮ, ਧਰਮੀ ਆਦਮੀ; ਹੇਠਾਂ ਹਨੋਕ ਤਕ; ਨੂਹ ਤਕ, ਐਂਟੀਲੁਵਿਅਨ ਵਿਨਾਸ਼ ਦੇ ਅੰਤ ਤੱਕ।

109 ਕਾਇਨ ਦੇ ਵੰਸ਼ ਨੂੰ, ਹੁਸ਼ਿਆਰ ਲੋਕ, ਪੜ੍ਹੇ-ਲਿਖੇ, ਵਿਗਿਆਨੀ। ਕੀ ਬਾਈਬਲ ਨਹੀਂ ਕਹਿੰਦੀ…ਕੀ ਯਿਸੂ ਨੇ ਨਹੀਂ ਕਿਹਾ, ਕਿ, "ਇਸ ਸੰਸਾਰ ਦੇ ਬੱਚੇ ਰਾਜ ਦੇ ਬੱਚਿਆਂ ਨਾਲੋਂ ਬੁੱਧੀਮਾਨ ਹਨ"? ਅੱਜ ਵੀ ਕਾਇਨ ਦੇ ਪਾਸੇ ਦੇਖੋ: ਚੁਸਤ, ਪੜ੍ਹੇ-ਲਿਖੇ, ਸ਼ੱਕੀ, ਬਹੁਤ ਧਾਰਮਿਕ; ਦੇਖੋ, ਬਹੁਤ ਧਾਰਮਿਕ, ਪਰ ਵਿਗਿਆਨੀ, ਨਿਰਮਾਤਾ, ਮਹਾਨ ਆਦਮੀ।

110 ਮਹਾਨ ਪੁਰਸ਼ਾਂ ਨੂੰ ਲਓ। ਥਾਮਸ ਐਡੀਸਨ ਨੂੰ ਦੇਖੋ, ਬਹੁਤ ਸਾਰੇ ਮਹਾਨ ਆਦਮੀ। ਆਈਨਸਟਾਈਨ ਨੂੰ ਦੇਖੋ, ਦੁਨੀਆ ਦੇ ਦਿਮਾਗ, ਅਖੌਤੀ, ਅੱਜ, ਦੁਨੀਆ ਦੇ ਦਿਮਾਗ। ਪਰ ਅਸੀਂ ਦਿਮਾਗ ਦੀ ਵਰਤੋਂ ਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਅਸੀਂ ਉਸ ਮਨ ਨੂੰ ਜੋ ਮਸੀਹ ਵਿੱਚ ਸੀ ਸਾਡੇ ਵਿੱਚ ਰਹਿਣ ਦਿੰਦੇ ਹਾਂ, ਅਤੇ ਇਸ ਵਚਨ ਨੂੰ ਵੇਖਦੇ ਹਾਂ, ਅਤੇ ਇਸ ਨੂੰ ਅਜਿਹਾ ਕਹਿੰਦੇ ਹਾਂ।

111 ਮੈਡੀਕਲ ਡਾਕਟਰ, ਭਾਵੇਂ ਸਾਡੇ ਕੋਲ ਜੋ ਵੀ ਹੈ ਅਸੀਂ ਉਨ੍ਹਾਂ ਨੂੰ ਸਲਾਮ ਕਰਦੇ ਹਾਂ, ਪਰ ਉਨ੍ਹਾਂ ਵਿੱਚੋਂ ਜ਼ਿਆਦਾਤਰ ਸ਼ੱਕੀ, ਨਾਸਤਿਕ ਹਨ। ਅੱਜ ਦੇ ਹੁਸ਼ਿਆਰ ਅਤੇ ਬੁੱਧੀਮਾਨ ਲੋਕਾਂ ਨੂੰ ਦੇਖੋ। ਉਹ ਉੱਥੇ ਉਸ ਪਾਸੇ ਹਨ, ਕਾਇਨ ਵਾਲੇ ਪਾਸੇ।

112 ਪਰ ਨਿਮਰ ਅਤੇ ਹਲੀਮ ਨੂੰ ਵੇਖੋ। ਇੱਥੇ ਦੁਬਾਰਾ ਤੁਹਾਡਾ ਪੁਨਰ ਉਥਾਨ ਹੈ। ਔਹ, ਪ੍ਰਭੂ ਦਾ ਨਾਮ ਮੁਬਾਰਕ ਹੋਵੇ! ਉਥੇ ਤੁਸੀਂ ਹੋ। ਧਿਆਨ ਦਿਓ।

> ...ਜਿਹ ਨੂੰ ਉਹ ਨੇ *ਸਭਨਾਂ ਵਸਤਾਂ ਦਾ ਵਾਰਸ ਬਣਾਇਆ, ਅਤੇ ਓਸੇ ਦੇ ਵਸੀਲੇ ਉਹ ਨੇ ਜਹਾਨ ਵੀ ਰਚੇ;*

ਜਹਾਨਾਂ ਨੂੰ ਕਿਸ ਨੇ ਬਣਾਇਆ? ਮਸੀਹ ਨੇ। "ਮਸੀਹ ਨੇ ਜਹਾਨ ਬਣਾਏ?" ਹਾਂ, ਸ਼੍ਰੀਮਾਨ। ਆਓ ਥੋੜਾ ਹੋਰ ਅੱਗੇ ਚੱਲੀਏ।

> *ਉਹ ਉਸ ਦੇ ਤੇਜ ਦਾ ਪਿਰਤ ਬਿੰਬ ਅਤੇ ਉਸ ਦੀ ਜ਼ਾਤ ਦਾ ਨਕਸ਼ ਹੋ ਕੇ ਆਪਣੇ ਸਮਰੱਥਾ ਦੇ ਬਚਨ ਨਾਲ,...*

ਕਿਸ ਦੀ ਮਹਿਮਾ ਦਾ ਪਿਰਤ ਬਿੰਬ? ਪਰਮੇਸ਼ੁਰ ਦੀ ਮਹਿਮਾ ਦਾ। ਕਿਸ ਦੀ ਹਜ਼ੂਰੀ ਦਾ ਪ੍ਰਗਟ ਚਿੱਤਰ? ਪਰਮੇਸ਼ੁਰ ਦੀ। ਔਹ, ਮੈਨੂੰ ਇਹ ਪਸੰਦ ਹੈ!

> ...ਜਾਂ *ਉਸ ਦੀ ਜ਼ਾਤ ਦਾ ਨਕਸ਼ ਹੋ ਕੇ ਆਪਣੇ ਸਮਰੱਥਾ ਦੇ ਬਚਨ ਨਾਲ ਸਭਨਾਂ ਵਸਤਾਂ ਨੂੰ ਸਮ੍ਹਾਲ ਕੇ...*

ਉਥੇ ਤੁਸੀਂ ਹੋ। ਵਚਨ, ਜੋ ਸਾਰੀਆਂ ਚੀਜ਼ਾਂ ਨੂੰ ਸਥਿਰ ਰੱਖਦਾ ਹੈ। ਯਿਸੂ ਨੇ ਕਿਹਾ, ਮੱਤੀ 24 ਵਿੱਚ, "ਆਕਾਸ਼ ਅਤੇ ਧਰਤੀ ਟਲ ਜਾਣਗੇ, ਪਰ ਮੇਰੇ ਵਚਨ ਕਦੇ ਨਹੀਂ ਟਲਣਗੇ।" ਉਹ ਸਾਰੀਆਂ ਚੀਜ਼ਾਂ ਨੂੰ ਸੰਭਾਲਦਾ ਹੈ।

113 ਵਿਗਿਆਨ ਇਸਨੂੰ ਘਟਾਉਣ ਦੀ ਕੋਸ਼ਿਸ਼ ਕਰਦਾ ਹੈ, ਅਤੇ ਕਹਿੰਦਾ ਹੈ, "ਇਹ ਇੱਕ ਪੁਰਾਣੀ ਕਿਤਾਬ ਹੈ। ਇਸਦਾ ਅਨੁਵਾਦ ਕੀਤਾ ਗਿਆ ਹੈ।"

114 ਇੱਥੋਂ ਤੱਕ ਕਿ ਰੋਮਨ ਕੈਥੋਲਿਕ ਕਲੀਸਿਯਾ, ਬਿਸ਼ਪ ਸ਼ੀਨ ਨੇ ਕਿਹਾ, "ਇਸ ਦਾ ਚਾਰ ਜਾਂ ਪੰਜ ਵੱਖ-ਵੱਖ ਸਮਿਆਂ ਵਿੱਚ ਅਨੁਵਾਦ ਕੀਤਾ ਗਿਆ ਹੈ, ਅਤੇ ਇਸ ਵਿੱਚ ਬਹੁਤਾ ਕੁਝ ਨਹੀਂ ਹੈ। ਜੇਕਰ ਤੁਹਾਨੂੰ ਇਸ ਨਾਲ ਜਿਉਣਾ ਪਵੇ ਤਾਂ ਤੁਸੀਂ ਨਹੀਂ ਜੀ ਸਕਦੇ।" ਪਰ ਉਹ ਆਪਣੇ ਬਚਨ ਦੁਆਰਾ ਸਾਰੀਆਂ ਚੀਜ਼ਾਂ ਨੂੰ ਸੰਭਾਲਦਾ ਹੈ। ਆਮੀਨ। ਇਹੀ ਹੈ ਜੋ ਮੈਂ ਇਸ ਬਾਰੇ ਸੋਚਦਾ ਹਾਂ। ਮੈਂ ਬਾਈਬਲ ਵਿੱਚ ਵਿਸ਼ਵਾਸ ਕਰਦਾ ਹਾਂ।

> *...ਆਪਣੇ ਸਮਰੱਥਾ ਦੇ ਬਚਨ ਨਾਲ* (ਵਚਨ ਵਿੱਚ ਸਮਰੱਥਾ ਹੈ), *ਸਭਨਾਂ ਵਸਤਾਂ ਨੂੰ ਸਮ੍ਹਾਲ ਕੇ ਅਰ ਪਾਪਾਂ ਨੂੰ ਸਾਫ਼ ਕਰ ਕੇ,...*(ਇੱਥੇ

ਵੇਖੋ) ...ਪਰਮ *ਧਾਮ ਵਿੱਚ ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ;*

115 ਪੌਲੁਸ ਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ? ਉਹ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਪਰਮੇਸ਼ੁਰ ਨੇ ਮਸੀਹ ਵਿੱਚ ਸਾਰੀਆਂ ਚੀਜ਼ਾਂ ਦਾ ਉਦੇਸ਼ ਰੱਖਿਆ ਸੀ, ਅਤੇ ਮਸੀਹ ਪਰਮੇਸ਼ੁਰ ਦਾ ਸਪਸ਼ਟ ਰੂਪ ਸੀ। ਬਾਕੀ ਸਾਰਾ ਅਧਿਆਇ ਇਸ ਨਾਲ ਨਜਿੱਠਦਾ ਹੈ ਕਿ ਕਿਵੇਂ ਉਹ ਦੂਤਾਂ ਨਾਲੋਂ ਉੱਚਾ ਸੀ, ਸਾਰੀਆਂ ਸ਼ਕਤੀਆਂ ਤੋਂ ਉੱਚਾ ਸੀ। ਦੂਤ ਉਸ ਦੀ ਅਰਾਧਨਾ ਕਰਦੇ ਸਨ। ਪੌਲੁਸ ਉਸਦੀ ਵਡਿਆਈ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

116 ਹੁਣ, ਮੈਂ ਕੋਸ਼ਿਸ਼ ਕਰਨਾ ਚਾਹੁੰਦਾ ਹਾਂ...ਜੇ ਮੈਂ ਇਸ ਤੋਂ ਅੱਗੇ ਨਾ ਜਾ ਸਕਾਂ, ਤਾਂ ਇਹ ਜੋ ਬਾਕੀ ਰਹਿੰਦਾ ਹੈ ਉਹ ਸਿਰਫ਼ ਮਸੀਹ ਦੀ ਵਡਿਆਈ ਕਰ ਰਿਹਾ ਹੈ। ਪੌਲੁਸ ਇੱਥੇ ਕੀ ਕਹਿੰਦਾ ਹੈ, ਜਿਵੇਂ 11ਵੇਂ ਅਧਿਆਇ ਵਿੱਚ, ਅਤੇ ਦੁਨੀਆਂ ਬਾਰੇ ਗੱਲ ਕਰਨ ਬਾਰੇ। ਉਸ ਨੇ ਕਿਹਾ, "ਦੂਤ ਨੇ ਕੀ—ਕੀ ਕਿਹਾ, 'ਤੂੰ ਮੇਰਾ ਪੁੱਤਰ ਹੈਂ, ਅੱਜ ਮੈਂ ਤੈਨੂੰ ਜਨਮ ਦਿੱਤਾ ਹੈ'?" ਸਮਝੇ?

117 "ਸੰਸਾਰ ਦੇ ਅੰਤ ਵਿੱਚ, ਉਹ ਨਾਸ ਹੋ ਜਾਣਗੇ। ਸੰਸਾਰ ਨਾਸ ਹੋ ਜਾਵੇਗਾ। ਪਰ...ਅਤੇ ਸੰਸਾਰ ਦੀਆਂ ਸਾਰੀਆਂ ਵਸਤੂਆਂ ਨਾਸ ਹੋ ਜਾਣਗੀਆਂ। ਉਹ ਉਨ੍ਹਾਂ ਨੂੰ ਇੱਕ ਚੋਲੇ ਵਾਂਗ ਲਪੇਟ ਦਵੇਗਾ। ਉਹ ਬੁੱਢੇ ਹੋ ਜਾਣਗੇ, ਅਤੇ ਮੁੜ ਜਾਣਗੇ, ਅਤੇ ਚਲੇ ਜਾਣਗੇ। 'ਪਰ ਤੂੰ ਬਣਿਆ ਰਹੇਂਗਾ। ਤੂੰ ਸਦਾ ਕਾਇਮ ਰਹਿਣ ਵਾਲਾ ਹੈਂ। ਤੂੰ ਮੇਰਾ ਪੁੱਤਰ ਹੈਂ। ਅੱਜ ਦੇ ਦਿਨ ਮੈਂ ਤੈਨੂੰ ਜਨਮ ਦਿੱਤਾ ਹੈ, ਅਤੇ ਮਹਾਰਾਜ ਦੇ ਸੱਜੇ ਹੱਥ ਬੈਠ ਕੇ, ਕਦੇ ਨਾਸ ਨਹੀਂ ਹੋਵੇਂਗਾ।'"

*ਸੱਜੇ ਹੱਥ* ਦਾ ਕੀ ਮਤਲਬ ਹੈ? ਨਹੀਂ, ਅਜਿਹਾ ਨਹੀਂ ਕਿ ਪਰਮੇਸ਼ੁਰ ਦਾ ਇੱਕ ਸੱਜਾ ਹੱਥ ਹੈ ਜਿਸ ਤੇ ਕੋਈ ਬੈਠਾ ਹੋਇਆ ਹੈ। *ਸੱਜੇ ਹੱਥ* ਦਾ ਮਤਲਬ ਹੈ "ਸ਼ਕਤੀ ਅਤੇ ਅਧਿਕਾਰ," ਸਵਰਗ ਅਤੇ ਧਰਤੀ ਦੀ ਹਰ ਚੀਜ਼ ਦਾ ਅਧਿਕਾਰ ਪ੍ਰਾਪਤ ਹੈ। ਅਤੇ ਸਾਰੇ ਅਕਾਸ਼ ਅਤੇ ਧਰਤੀ ਉਸ ਦੁਆਰਾ ਬਣਾਏ ਗਏ ਹਨ।

118 ਹੁਣ, ਇਹ ਮਹਾਨ ਵਿਅਕਤੀ ਕੌਣ ਹੈ, ਇਹ ਮਹਾਨ ਆਦਮੀ, ਮਸੀਹ? ਇੱਥੇ, ਪਰਮੇਸ਼ੁਰ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਵਿੱਚ ਹੈ, ਇਹ ਨਹੀਂ ਹੈ...ਇਹ ਤ੍ਰਿਏਕਤਾ ਹੈ, ਪਰ ਇਹ ਲੋਕਾਂ ਦੀ ਤ੍ਰਿਏਕਤਾ ਨਹੀਂ ਹੈ। ਇਹ ਦਫ਼ਤਰ ਦੀ ਤ੍ਰਿਏਕਤਾਂ ਹੈ, ਇੱਕ ਪਰਮੇਸ਼ੁਰ ਦੀ।

119 ਉਹ ਇਜ਼ਰਾਈਲ ਦੇ ਬੱਚਿਆਂ ਦੀ ਅਗਵਾਈ ਕਰਨ ਵਾਲਾ ਪਿਤਾ ਸੀ। ਇਹ ਉਸ ਦਾ ਦਫ਼ਤਰ ਸੀ, ਮਹਾਨ ਯਹੋਵਾਹ ਪਿਤਾ। ਅਤੇ ਉਹ ਧਰਤੀ ਉੱਤੇ ਰਹਿੰਦਾ ਸੀ, ਜਿਸਨੂੰ ਪੁੱਤਰ ਕਿਹਾ ਜਾਂਦਾ ਹੈ। ਅਤੇ ਹੁਣ ਉਹ ਆਪਣੀ

ਕਲੀਸਿਯਾ ਵਿੱਚ ਰਹਿੰਦਾ ਹੈ, ਜਿਸਨੂੰ ਪਵਿੱਤਰ ਆਤਮਾ ਕਿਹਾ ਜਾਂਦਾ ਹੈ। ਤਿੰਨ ਪਰਮੇਸ਼ੁਰ ਨਹੀਂ; ਤਿੰਨ ਦਫਤਰਾਂ ਵਿੱਚ ਇੱਕ ਪਰਮੇਸ਼ੁਰ: ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ।

ਲੋਕ ਉਸ ਨੂੰ ਤਿੰਨ ਵੱਖੋ-ਵੱਖਰੇ ਪਰਮੇਸ਼ੁਰ ਬਣਾਉਣ ਦੀ ਕੋਸ਼ਿਸ ਕਰਦੇ ਹਨ, ਪਿਤਾ ਪਰਮੇਸ਼ੁਰ। ਇਹੀ ਕਾਰਨ ਹੈ, ਯਹੂਦੀ, ਤੁਸੀਂ ਕਦੇ ਨਹੀਂ ਕਰ ਸਕਦੇ, ਤੁਸੀਂ ਇਸਨੂੰ ਕਦੇ ਵੀ ਕਿਸੇ ਯਹੂਦੀ ਕੋਲ ਨਹੀਂ ਲਿਆਓਗੇ, ਨਹੀਂ, ਉੱਥੇ। ਉਹ ਨਹੀਂ ਕਰ ਸਕਦਾ। ਉਸਨੂੰ ਇੱਕ ਹੁਕਮ ਮਿਲਿਆ ਹੈ, ਕਿ, “ਮੈਂ ਇੱਕ ਪਰਮੇਸ਼ੁਰ ਹਾਂ।” ਇੱਕ ਹੀ ਪਰਮੇਸ਼ੁਰ ਹੈ।

120 ਅਫ਼ਰੀਕਾ ਵਿੱਚ ਉਹ ਤਿੰਨ ਵੱਖ-ਵੱਖ ਤਰੀਕਿਆਂ ਨਾਲ ਬਪਤਿਸਮਾ ਦਿੰਦੇ ਹਨ: ਉਹ ਇੱਕ ਵਾਰ ਪਿਤਾ ਲਈ, ਇੱਕ ਵਾਰ ਪੁੱਤਰ ਲਈ, ਅਤੇ ਇੱਕ ਵਾਰ ਪਵਿੱਤਰ ਆਤਮਾ ਲਈ ਬਪਤਿਸਮਾ ਦਿੰਦੇ ਹਨ। ਅਪੋਸਟੋਲਿਕ ਫੇਥ ਮਿਸ਼ਨ, ਉਹ ਤਿੰਨ ਵਾਰ ਬਪਤਿਸਮਾ ਦਿੰਦੇ ਹਨ, ਉਸਦੀ ਮੌਤ ਲਈ, ਅੱਗੇ ਨੂੰ ਮੂੰਹ ਕਰਕੇ। ਜਿਸ ਨੂੰ ਉਹ ਪੱਛਮੀ ਤੱਟ, ਜਾਂ ਪੂਰਬੀ ਤੱਟ ਤੇ ਫੁੱਲ ਗੋਸਪਲ ਕਹਿੰਦੇ ਹਨ, ਤਿੰਨ ਵਾਰ ਪਿਛਾਂਹ ਨੂੰ ਮੂੰਹ ਕਰਕੇ ਬਪਤਿਸਮਾ ਦਿੰਦੇ ਹਨ, ਉਸ ਨੇ ਕਿਹਾ…ਉਸ ਦੇ ਦਫ਼ਨਾਉਣ ਲਈ।

ਅਤੇ ਉਸਨੇ ਕਿਹਾ, “ਜਦੋਂ ਉਹ ਮਰ ਗਿਆ, ਉਹ ਅੱਗੇ ਨੂੰ ਡਿੱਗ ਪਿਆ।”

121 ਇੱਕ ਹੋਰ ਨੇ ਕਿਹਾ, “ਰੁਕੋ। ਤੁਹਾਨੂੰ ਇੱਕ ਆਦਮੀ ਨੂੰ ਉਸਦੀ ਪਿੱਠ ਭਾਰ ਦਫ਼ਨਾਉਣਾ ਚਾਹੀਦਾ ਹੈ।” ਬਸ ਥੋੜੀ ਪੁਰਾਣੀ ਤਕਨੀਕ ਦੀਆਂ ਚੀਜ਼ਾਂ, ਜਦੋਂ, ਉਹ ਦੋਵੇਂ ਗਲਤ ਹਨ; ਦੋਨੋ ਗਲਤ, ਪੋਥੀ ਦੇ ਅਨੁਸਾਰ।

*ਇਹ* ਊਰੀਮ ਤੁਮੀਮ ਹੈ। ਇਹ ਇਸ ਦਾ ਹਿਸਾਬ ਕਰ ਦਿੰਦਾ ਹੈ।

122 ਹੁਣ, ਇੱਥੇ, ਆਓ ਇਸਦੀ ਤਸਵੀਰ ਬਣਾਈਏ ਅਤੇ ਵੇਖੀਏ ਕਿ ਇਹ ਕਿਹੋ—ਕਿਹੋ ਜਿਹਾ ਦਿਸਦਾ ਹੈ, ਅੱਜ ਰਾਤ। ਇਹ ਇੱਥੇ ਹੈ, ਜੇਕਰ ਤੁਸੀਂ ਇਸਨੂੰ ਦੇਖਣਾ ਚਾਹੁੰਦੇ ਹੋ। ਤਕਰੀਬਨ ਪੱਚੀ ਸਾਲਾਂ ਤੋਂ ਮੈਂ ਇੱਕ ਸੇਵਕ ਰਿਹਾ ਹਾਂ, ਮੈਂ ਇਸਦਾ ਅਧਿਐਨ ਕੀਤਾ ਹੈ। ਅਤੇ ਮੈਂ ਅਕਸਰ ਕਲੀਸਿਯਾ ਵਿਚ ਦਾਨਾਂ ਤੇ ਹੈਰਾਨ ਹੁੰਦਾ ਹਾਂ। ਉਹ ਦਾਨ ਕੀ ਹਨ? ਭਵਿੱਖਬਾਣੀ, ਭਾਸ਼ਾਵਾਂ ਵਿੱਚ ਬੋਲਣਾ, ਭਾਸ਼ਾਵਾਂ ਦੀ ਵਿਆਖਿਆ, ਇਸਵਰੀ ਪ੍ਰਕਾਸ਼ਣ, ਇਸ ਤਰ੍ਹਾਂ, ਜੋ ਸਭ ਕੁਝ ਮਸੀਹ ਦੁਆਰਾ ਆਉਂਦਾ ਹੈ।

123 ਹੁਣ ਦੇਖੋ। ਮਸੀਹ ਸਾਰੀਆਂ ਚੀਜ਼ਾਂ ਦਾ ਮੁਖੀ ਹੈ। ਅਤੇ ਉਹ ਕਲੀਸਿਯਾ ਦਾ ਮੁਖੀ ਹੈ। ਅਤੇ ਕੀ ਤੁਸੀਂ ਕਦੇ ਇੱਕ ਵੱਡਾ ਹੀਰਾ ਦੇਖਿਆ ਹੈ? ਇੱਕ ਬਹੁਤ ਵੱਡਾ ਹੀਰਾ ਜੋ ਸਹੀ ਤਰ੍ਹਾਂ ਕੱਟਿਆ ਗਿਆ ਹੈ, ਇਸ ਦੇ ਛੋਟੇ-ਛੋਟੇ

ਟੁਕੜੇ ਉਹਦੇ ਤੋਂ ਕੱਟੇ ਗਏ ਹਨ, ਇਸ ਤੋਂ ਕੱਟ ਦਿੱਤੇ ਗਏ ਹਨ। ਇਹ ਇੱਕ ਸਹੀ ਹੀਰਾ ਬਣਾਉਂਦਾ ਹੈ। ਟੁਕੜੇ ਕਿਸ ਲਈ ਹਨ? ਅਸਲੀ ਹੀਰਾ, ਜਿਸ ਤਰ੍ਹਾਂ ਇਹ ਬਾਹਰ ਨਿਕਲਦਾ ਹੈ, ਇਸ ਤੇ ਰਗੜਾਂ ਲੱਗੀਆਂ ਹੁੰਦੀਆਂ ਹਨ; ਅਸਲੀ ਹੀਰਾ, ਜਦੋਂ ਇਹ ਮਿਲਦਾ ਹੈ।

ਮੈਂ ਕਿੰਬਰਲੇ ਵਿੱਚ ਸੀ। ਤੁਸੀਂ, ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੇ, ਇਹ ਸੁਣਿਆ ਹੈ ਕਿ ਤੁਸੀਂ ਗਲੀ ਵਿੱਚ ਹੀਰੇ ਚੁੱਕ ਸਕਦੇ ਹੋ, ਇਹ ਸਹੀ ਹੈ। ਬਿਲੀ ਅਤੇ ਮੈਂ, ਅਤੇ ਮਿਸਟਰ ਬੋਸਵਰਥ। ਕਿੰਬਰਲੇ ਹੀਰੇ ਦੀਆਂ ਖਾਣਾਂ ਦੇ ਪ੍ਰਧਾਨ, ਲਓ...ਉਥੇ ਸਭਾਵਾਂ ਵਿਚ ਉਹ ਸੇਵਾ ਕਰ ਰਿਹਾ ਸੀ। ਅਤੇ ਉਹ ਸਾਨੂੰ ਲੈ ਗਏ। ਅਤੇ ਬਸ ਬਾਹਰ ਹੀ...ਉਹ ਧਰਤੀ ਦੇ ਹੇਠਾਂ ਲਗਭਗ, ਔਹ, ਸਤਾਰਾਂ ਸੌ ਫੁੱਟ ਹੇਠਾਂ ਤਕ ਖੁਦਾਈ ਕਰਦੇ ਹਨ। ਉਹ ਬਾਹਰ ਆਉਂਦੇ ਹਨ, ਇੱਕ ਨੀਲਾ ਪੱਥਰ, ਵੱਡਾ ਨੀਲਾ, ਇਸ ਬਲੂਸਟੋਨ ਵਾਂਗ ਜੋ ਤੁਹਾਨੂੰ ਇੱਥੇ ਆਲੇ ਦੁਆਲੇ ਮਿਲ ਜਾਂਦਾ ਹੈ। ਅਤੇ ਉਹ ਮੂਲ ਨਿਵਾਸੀ, ਉਹਨਾਂ ਨੇ ਉਸ ਨੂੰ ਸਤਾਰਾਂ ਸੌ ਫੁੱਟ ਜ਼ਮੀਨ ਵਿੱਚ ਰੱਖ ਦਿੱਤਾ, ਉਹਨਾਂ ਦੀ ਖੁਦਾਈ ਕਰਨ ਲਈ, ਉਸ ਦੀ ਕੀਮਤ ਵਧਾਉਣ ਲਈ। ਤੁਸੀਂ ਉੱਥੇ ਨਦੀ ਤੇ ਜਾਓਗੇ, ਉਨ੍ਹਾਂ ਨੇ ਸੈਂਕੜੇ ਮੀਲ ਤੱਕ ਇਸ ਤੇ ਪਹਿਰੇਦਾਰੀ ਲਗਾਈ ਹੋਈ ਹੈ। ਦੋ ਦਸ-ਗੈਲਨ ਦੀਆਂ ਬਾਲਟੀਆਂ ਲਓ, ਉਸ ਨੇ ਕਿਹਾ, ਅਤੇ ਇਸਨੂੰ ਚੁੱਕੋ, ਰੇਤ ਨਾਲ—ਨਾਲ ਭਰੀਆਂ ਹੋਈਆਂ, ਅਤੇ ਜੇ ਤੁਸੀਂ ਇਸ ਨਾਲ ਘਰ ਜਾ ਸਕਦੇ ਹੋ, ਤੁਸੀਂ ਕਰੋੜਪਤੀ ਹੋਵੋਗੇ, ਇਸ ਵਿੱਚ ਬਹੁਤ ਸਾਰੇ ਹੀਰੇ ਹੋਣਗੇ। ਪਰ ਉਹਨਾਂ ਨੂੰ ਕੰਮ ਕਰਨਾ ਪੈਂਦਾ ਹੈ ਅਤੇ ਉਹਨਾਂ ਦੀ ਖੁਦਾਈ ਕਰਨੀ ਪੈਂਦੀ ਹੈ, ਉਹਨਾਂ ਦੀ ਕੀਮਤ ਨੂੰ ਕਾਇਮ ਰੱਖਣ ਲਈ।

124 ਹੁਣ, ਹੀਰਾ, ਜਦੋਂ ਇਹ ਨਿਕਲਦਾ ਹੈ, ਇਹ ਸਿਰਫ਼ ਇੱਕ ਵੱਡਾ, ਪੱਧਰਾ, ਗੋਲ, ਸ਼ੀਸ਼ੇ ਦਾ ਟੁਕੜਾ ਹੁੰਦਾ ਹੈ। ਇੱਥੇ ਇੱਕ ਨੀਲਾ ਹੀਰਾ, ਕਾਲਾ ਹੀਰਾ, ਫਿਰੋਜ਼ਾ, ਅਤੇ ਇੱਕ ਸਾਫ ਹੀਰਾ, ਚਿੱਟਾ ਹੀਰਾ ਹੈ। ਪਰ ਜਦੋਂ ਇਹ ਸਾਹਮਣੇ ਆਉਂਦਾ ਹੈ...ਫਿਰ ਜਦੋਂ ਇਸਨੂੰ ਬਣਾਇਆ ਜਾਂਦਾ ਹੈ ਅਤੇ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ, ਤਾਂ ਉਸ ਹੀਰੇ ਦਾ ਇੱਕ ਹਿੱਸਾ ਗੁਆਉਣਾ ਪੈਂਦਾ ਹੈ। ਅਤੇ ਇਸ ਤੋਂ ਟੁਕੜੇ ਉਡਾਉਣੇ ਪੈਂਦੇ ਹਨ। ਛੋਟੇ ਟੁਕੜਿਆਂ ਨੂੰ ਉੜਾਓ, ਕਿਉਂਕਿ, ਜਦੋਂ ਇਹ ਸਿੱਧੀ ਰੋਸ਼ਨੀ ਵਿੱਚ ਆਉਂਦਾ ਹੈ, *ਇਸ* ਤਰ੍ਹਾਂ, ਇਹ ਇੱਕ ਚਮਕ ਪੈਦਾ ਕਰਦਾ ਹੈ। ਟੁਕੜਾ, ਕਿਹੜੀ ਚੀਜ਼ ਚਮਕਦਾਰ ਬਣਾਉਂਦੀ ਹੈ, ਇਸ ਨੂੰ ਕੱਟਣ ਦਾ ਤਰੀਕਾ। ਇਸ ਨੂੰ ਕੱਟਿਆ ਜਾਂਦਾ ਹੈ, ਫਿਰ, ਚਿਪ ਕੀਤਾ ਜਾਂਦਾ ਹੈ, ਅਤੇ ਫਿਰ, ਜਦੋਂ ਇਹ ਹੁੰਦਾ ਹੈ, ਇਹ ਚਮਕਦਾ ਹੈ। ਅਤੇ ਇੱਕ ਇੱਕ ਹਰੇ ਰੋਸ਼ਨੀ ਵਿੱਚ ਜਾਵੇਗਾ, ਦੂਜਾ ਇੱਕ ਨੀਲੀ ਰੋਸ਼ਨੀ ਵਿੱਚ ਜਾਵੇਗਾ, ਅਤੇ ਹੋ ਸਕਦਾ ਹੈ ਕਿ ਇੱਕ ਹੋਰ, ਫ਼ਿਰੋਜੀ ਰੋਸ਼ਨੀ, ਅਤੇ ਇੱਕ ਲਾਲ ਰੋਸ਼ਨੀ। ਅਤੇ

ਸਤਰੰਗੀ ਪੀਂਘ ਵਾਂਗ, ਇਸ ਤੋਂ ਵੱਖ-ਵੱਖ ਰੌਸ਼ਨੀਆਂ ਨਿਕਲਦੀਆਂ ਹਨ। ਉਹ ਇਸਨੂੰ ਕਹਿੰਦੇ ਹਨ, "ਹੀਰੇ ਵਿੱਚ ਅੱਗ।"

125 ਹੁਣ, ਉਹਨਾਂ ਵਿੱਚੋਂ ਹਰ ਇੱਕ ਰੋਸ਼ਨੀ ਦਾਨਾਂ ਨੂੰ ਦਰਸਾਉਂਦੀ ਹੈ। ਪਰ, ਕੇਵਲ, ਮਸੀਹ ਹੀ ਹੀਰਾ ਹੈ। ਅਤੇ ਉਹ ਸੀ ਜੋ ਆਇਆ, ਅਤੇ ਡੰਗਿਆ ਗਿਆ, ਜ਼ਖਮੀ ਕੀਤਾ ਗਿਆ ਅਤੇ ਕੱਟਿਆ ਗਿਆ, ਤਾਂ ਜੋ ਉਹ ਆਪਣੇ ਆਪ ਨੂੰ ਸੰਸਾਰ ਲਈ ਇੱਕ ਰੋਸ਼ਨੀ ਦੇ ਰੂਪ ਵਿੱਚ ਚਮਕਾ ਸਕੇ। ਉਹ ਮਾਸਟਰ ਹੀਰਾ ਹੈ।

126 ਕੀ ਤੁਸੀਂ ਕਲਪਨਾ ਕਰ ਸਕਦੇ ਹੋ, ਧਰਤੀ ਦੇ ਹੋਣ ਤੋਂ ਵੀ ਪਹਿਲਾਂ, ਇੱਕ ਰੋਸ਼ਨੀ ਦੇ ਹੋਣ ਤੋਂ ਪਹਿਲਾਂ, ਇੱਕ ਤਾਰਾ ਹੋਣ ਤੋਂ ਪਹਿਲਾਂ, ਕੁਝ ਵੀ ਹੋਣ ਤੋਂ ਪਹਿਲਾਂ? ਆਤਮਾ ਦਾ ਇੱਕ ਮਹਾਨ ਝਰਨਾ ਨਿਕਲ ਰਿਹਾ ਹੈ, ਅਤੇ ਇਸ ਝਰਨੇ ਵਿੱਚੋਂ ਪਿਆਰ ਦਾ ਸਭ ਤੋਂ ਸ਼ੁੱਧ ਰੂਪ ਨਿਕਲਿਆ, ਕਿਉਂਕਿ ਇਸ ਵਿੱਚੋਂ ਪਿਆਰ ਤੋਂ ਇਲਾਵਾ ਹੋਰ ਕੁਝ ਨਹੀਂ ਆਉਣਾ ਸੀ। ਹੁਣ, ਅਸੀਂ, ਜਿਸਨੂੰ ਅਸੀਂ ਪਿਆਰ ਕਹਿੰਦੇ ਹਾਂ, ਅੱਜ, ਪਿਆਰ ਦਾ ਇੱਕ ਵਿਗੜਿਆ ਹੋਇਆ ਰੂਪ ਹੈ। ਪਰ ਜਿਵੇਂ ਹੀ ਸਾਨੂੰ ਕੋਈ ਤੱਤ ਮਿਲਦਾ ਹੈ, ਜਾਂ ਸਾਡੇ ਵਿੱਚ ਉਸ ਪਿਆਰ ਦਾ ਥੋੜਾ ਜਿਹਾ ਅੰਸ, ਇਹ ਸਾਡੀ ਪੂਰੀ ਰਾਏ ਨੂੰ ਬਦਲ ਦਿੰਦਾ ਹੈ।

127 ਫਿਰ ਉੱਥੋਂ ਇਕ ਹੋਰ ਧਾਰਾ ਨਿਕਲਦੀ ਹੈ, ਇਸ ਮੁੱਖ ਝਰਨੇ ਤੋਂ, ਹੀਰਾ, ਅਤੇ ਇਸ ਨੂੰ ਧਾਰਮਿਕਤਾ ਕਿਹਾ ਜਾਂਦਾ ਸੀ, ਬਿਲਕੁਲ ਧਾਰਮਿਕਤਾ। ਹੁਣ, ਇਹੀ ਕਾਰਨ ਹੈ ਕਿ ਸਾਡੇ ਕੋਲ ਕਾਨੂੰਨ ਹੋਣਾ ਸੀ। ਇਹੀ ਕਾਰਨ ਹੈ ਕਿ ਕਾਨੂੰਨ ਨੂੰ ਨਿਆਂ ਕਰਨਾ ਪੈਂਦਾ ਹੈ। ਜੇ ਕਾਨੂੰਨ ਤੋਂ ਬਾਅਦ ਨਿਆਂ ਨਹੀਂ ਮਿਲਦਾ, ਤਾਂ ਕਾਨੂੰਨ ਦਾ ਕੋਈ ਫਾਇਦਾ ਨਹੀਂ ਹੈ। ਅਤੇ ਜਦੋਂ ਕਾਨੂੰਨ ਦੁਆਰਾ ਨਿਆਂ ਦਿੱਤਾ ਜਾਂਦਾ ਹੈ, ਜੋ ਮੌਤ ਲਿਆਉਂਦਾ ਹੈ, ਅਤੇ ਕੋਈ ਵੀ ਅਜਿਹਾ ਨਹੀਂ ਹੈ ਜੋ ਜੁਰਮਾਨਾ ਅਦਾ ਕਰ ਸਕਦਾ ਸੀ ਪਰ ਪਰਮੇਸ਼ੁਰ ਆਪ। ਅਤੇ ਉਸਨੇ ਸਾਡੀ ਮੌਤ ਦੀ ਸਜ਼ਾ ਦਾ ਭੁਗਤਾਨ ਕੀਤਾ, ਅਤੇ ਸਾਡੇ ਪਾਪਾਂ ਨੂੰ ਆਪਣੇ ਉੱਤੇ ਲਿਆ, ਤਾਂ ਜੋ ਅਸੀਂ ਉਸ ਰਾਹੀਂ ਪਰਮੇਸ਼ੁਰ ਦੀ ਧਾਰਮਿਕਤਾ ਬਣ ਸਕੀਏ।

128 ਹੁਣ, ਜਦੋਂ ਇਹ ਮਹਾਨ ਰੋਸ਼ਨੀਆਂ ਬਾਹਰ ਗਈਆਂ, ਜਾਂ ਆਤਮਾ ਦੀਆਂ ਮਹਾਨ ਕਿਰਨਾਂ: ਪਿਆਰ, ਸ਼ਾਂਤੀ, ਇਹੀ ਸਭ ਕੁਝ ਉਸ ਵਿੱਚ ਸੀ, ਉਹੀ। ਕੋਈ ਦੁੱਖ ਨਹੀਂ ਸੀ। ਕੋਈ—ਕੋਈ ਨਫ਼ਰਤ ਨਹੀਂ ਸੀ, ਨਾ ਹੀ—ਨਾ ਹੀ ਕੋਈ ਈਰਖਾ; ਇਹ ਇਸ ਝਰਨੇ ਤੋਂ ਨਹੀਂ ਆ ਸਕਦਾ ਸੀ। ਉਹ ਯਹੋਵਾਹ ਸੀ। ਉਹ ਯਹੋਵਾਹ ਪਰਮੇਸ਼ੁਰ ਸੀ। ਅਤੇ ਹੁਣ, ਜਿਵੇਂ ਕਿ ਧਰਮ ਸ਼ਾਸਤਰੀ ਇਸ ਬਾਰੇ ਕਹਿੰਦੇ ਹਨ, ਇੱਕ ਥਿਓਫਨੀ ਉਸ ਵਿੱਚੋਂ ਨਿਕਲੀ, ਜਿਸਨੂੰ ਕਿਹਾ ਗਿਆ ਹੈ,

ਵਚਨ ਵਿੱਚ, "ਲੋਗੋਸ," ਲੋਗੋਸ ਜੋ ਪਰਮੇਸ਼ੁਰ ਤੋਂ ਬਾਹਰ ਨਿਕਲਿਆ। ਇਹ ਸਮਝਾਉਣਾ ਔਖਾ ਹੈ, ਪਰ ਇਹ ਪਰਮੇਸ਼ੁਰ ਦਾ ਹਿੱਸਾ ਸੀ।

129 ਹੁਣ, ਇਹੀ ਹੈ ਜੋ ਹੋਇਆ ਸੀ। ਔਹ! ਮੈਨੂੰ ਮਾਫ਼ ਕਰਨਾ। ਮੈਂ—ਮੈਂ—ਮੈਂ ਬਸ ਇਸ ਤੇ ਆਵਾਂਗਾ, ਇਹ ਮੈਨੂੰ ਉਸੇ ਥਾਂ ਲਿਆ ਰਿਹਾ ਹੈ ਜਿੱਥੇ ਮੈਂ ਇਸਨੂੰ ਪਸੰਦ ਕਰਦਾ ਹਾਂ। ਸਮਝੇ? ਲੋਗੋਸ, ਅਤੇ ਇਹ ਮਹਾਨ ਝਰਨਾ, ਆਤਮਾ ਦਾ ਇਹ ਮਹਾਨ ਝਰਨਾ ਜਿਸਦਾ ਕੋਈ ਅਰੰਭ ਜਾਂ ਅੰਤ ਨਹੀਂ ਸੀ; ਇਹ ਮਹਾਨ ਆਤਮਾ, ਸ੍ਰਿਸ਼ਟੀ ਵਿੱਚ ਬਣਨਾ ਸ਼ੁਰੂ ਹੋਇਆ, ਅਤੇ ਲੋਗੋਸ ਜੋ ਇਸ ਵਿੱਚੋਂ ਨਿਕਲਿਆ ਉਹ ਪਰਮੇਸ਼ੁਰ ਦਾ ਪੁੱਤਰ ਸੀ। ਇਹ ਇੱਕੋ ਇੱਕ ਦ੍ਰਿਸ਼ਮਾਨ ਰੂਪ ਸੀ ਜੋ ਆਤਮਾ ਕੋਲ ਸੀ। ਅਤੇ ਇਹ ਇੱਕ ਥੀਓਫਨੀ ਸੀ, ਜਿਸਦਾ ਅਰਥ ਹੈ ਇੱਕ ਸਰੀਰ, ਅਤੇ ਸਰੀਰ ਇੱਕ ਆਦਮੀ ਵਰਗਾ ਸੀ।

130 ਮੂਸਾ ਨੇ ਇਸਨੂੰ ਦੇਖਿਆ ਜਦੋਂ ਇਹ ਲੰਘਿਆ...ਚੱਟਾਨ ਦੇ—ਦੇ ਕੋਲੋਂ। ਅਤੇ ਉਸਨੇ ਇਸ ਵੱਲ ਦੇਖਿਆ, ਕਿਹਾ, "ਇਹ ਇੱਕ ਆਦਮੀ ਦੇ ਪਿਛਲੇ ਹਿੱਸੇ ਵਰਗਾ ਲੱਗਦਾ ਸੀ।"

ਇਹ ਉਸੇ ਕਿਸਮ ਦਾ ਸਰੀਰ ਹੈ ਜੋ ਅਸੀਂ ਇੱਥੇ ਮਰਨ ਤੇ ਪ੍ਰਾਪਤ ਕਰਦੇ ਹਾਂ। "ਜੇ ਇਹ ਧਰਤੀ ਦਾ ਤੰਬੂ ਢਹਿ ਵੀ ਜਾਵੇ, ਤਾਂ ਸਾਡੇ ਕੋਲ ਇੱਕ ਹੈ ਜੋ ਉਡੀਕ ਰਿਹਾ ਹੈ।" ਇਹੀ ਸੀ। ਅਤੇ ਉਹ ਥੀਓਫਨੀ ਸੀ ਜੋ ਪਰਮੇਸ਼ੁਰ ਦਾ ਪੁੱਤਰ ਸੀ। ਉਹ ਪੁੱਤਰ, ਉਹ ਲੋਗੋਸ, ਸਰੀਰ ਬਣ ਗਿਆ, ਕਿਉਂਕਿ ਸਾਨੂੰ ਸਰੀਰ ਵਿੱਚ ਰੱਖਿਆ ਗਿਆ ਸੀ। ਅਤੇ ਥੀਓਫਨੀ, ਲੋਗੋਸ, ਇੱਥੇ ਸਾਡੇ ਵਿਚਕਾਰ ਮਾਸ ਬਣ ਗਏ, ਅਤੇ ਇਹ ਨਿਵਾਸ ਸਥਾਨ ਤੋਂ ਇਲਾਵਾ ਹੋਰ ਕੁਝ ਨਹੀਂ ਸੀ, ਕਿਉਂਕਿ ਸਾਰਾ ਝਰਨਾ ਉਸ ਵਿੱਚ ਰਹਿੰਦਾ ਸੀ। ਔਹ, ਕੀ ਤੁਸੀਂ ਇਸਨੂੰ ਸਮਝ ਰਹੇ ਹੋ? ਉੱਥੇ ਇਹ ਹੈ। ਉਹੀ ਸੀ, ਉਹ, ਜੋ, ਉਸ ਵਿਚ...

131 ਇੱਥੇ ਦੇਖੋ। ਚਲੋ ਹੁਣ ਜਲਦੀ ਇਬਰਾਨੀਆਂ ਵੱਲ ਮੁੜੀਏ, 7ਵਾਂ ਅਧਿਆਇ, ਬਸ ਕਿਰਪਾ ਦੇ—ਦੇ ਇੱਕ ਪਲ ਲਈ, ਪਰਮੇਸ਼ੁਰ ਦੀ ਇੱਛਾ ਹੈ। ਆਓ ਦੇਖੀਏ ਕਿ ਇਹ ਇੱਥੇ ਕਿਹੋ ਜਿਹਾ ਦਿਖਾਈ ਦਿੰਦਾ ਹੈ। ਅਬਰਾਹਾਮ!

ਸਾਡੇ ਕੋਲ ਕਿੰਨਾ ਸਮਾਂ ਹੈ? ਸਾਡੇ ਕੋਲ ਦਸ ਮਿੰਟ ਹਨ। ਠੀਕ ਹੈ। ਅਸੀਂ ਇਸਨੂੰ ਲਵਾਂਗੇ, ਫਿਰ ਅਸੀਂ ਇਸਨੂੰ ਸਮਾਪਤ ਕਰਾਂਗੇ, ਅਗਲੇ, ਜਾਂ ਐਤਵਾਰ ਨੂੰ ਪੂਰਾ ਕਰਾਂਗੇ, ਹਾਂ, ਜੇ ਪ੍ਰਭੂ ਦੀ ਇੱਛਾ ਹੋਈ।

132 ਅਬਰਾਹਾਮ ਰਾਜਿਆਂ ਦਾ ਕਤਲ ਕਰਕੇ ਵਾਪਸ ਆ ਰਿਹਾ ਸੀ।

*ਇਹ ਮਲਕਿਸਿਦਕ, ਸਾਲੇਮ ਦਾ ਰਾਜਾ,...*

ਕਿੰਨੇ ਜਾਣਦੇ ਹਨ ਕਿ ਕਿੱਥੇ, ਕੌਣ, ਸਾਲੇਮ ਕੀ ਸੀ? ਯਰੂਸ਼ਲਮ।

*...ਸਲੇਮ ਦਾ ਰਾਜਾ, ਸਭ ਤੋਂ ਉੱਚੇ ਪਰਮੇਸ਼ੁਰ ਦਾ ਰਾਜਕੁਮਾਰ, ਜਿਹੜਾ ਅਬਰਾਹਾਮ ਨੂੰ ਜਿਸ ਵੇਲੇ ਉਹ ਰਾਜਿਆਂ ਨੂੰ ਵੱਢ ਕੇ ਮੁੜਿਆ ਆਉਂਦਾ ਸੀ ਆ ਮਿਲਿਆ ਅਤੇ ਉਹ ਨੂੰ ਅਸੀਸ ਦਿੱਤੀ;*

ਸੁਣੋ।

*ਜਿਹ ਨੂੰ ਅਬਰਾਹਾਮ ਨੇ ਸਭਨਾਂ ਵਸਤਾਂ ਦਾ ਦਸੌਂਧ ਵੀ ਦਿੱਤਾ; ਉਹ ਪਹਿਲਾਂ ਆਪਣੇ ਨਾਉਂ ਦੇ ਅਰਥ ਅਨੁਸਾਰ ਧਰਮ ਦਾ ਰਾਜਾ ਹੈ, ਅਤੇ ਫੇਰ ਸਾਲੇਮ ਦਾ ਰਾਜਾ ਵੀ ਅਰਥਾਤ ਸਲਾਮਤੀ ਦਾ ਰਾਜਾ;*

*ਜਿਹ ਦਾ ਨਾ ਪਿਤਾ, ਨਾ ਮਾਤਾ, ਨਾ ਕੁਲਪੱਤ੍ਰੀ ਹੈ, ਜਿਹ ਦੇ ਨਾ ਦਿਨਾਂ ਦਾ ਆਦ, ਨਾ ਜੀਵਨ ਦਾ ਅੰਤ ਹੈ;...*

133 ਇੱਕ ਰਾਜਾ ਸਲੇਮ ਤੋਂ ਆਇਆ, ਅਤੇ ਰਾਜਿਆਂ ਦੇ ਕਤਲੇਆਮ ਕਰਕੇ ਆਉਂਦੇ ਹੋ ਅਬਰਾਹਾਮ ਨੂੰ ਮਿਲਿਆ। ਅਤੇ ਇਸ ਰਾਜੇ ਦਾ ਕੋਈ ਪਿਤਾ ਨਹੀਂ ਸੀ, ਕੋਈ ਮਾਂ ਨਹੀਂ ਸੀ, ਦਿਨਾਂ ਦੀ ਸ਼ੁਰੂਆਤ ਜਾਂ ਜੀਵਨ ਦਾ ਅੰਤ ਨਹੀਂ ਸੀ। ਅਬਰਾਹਾਮ ਕਿਸ ਨੂੰ ਮਿਲਿਆ? ਹੁਣ ਸੋਚੋ। ਉਸਦਾ ਕੋਈ ਪਿਤਾ ਨਹੀਂ ਸੀ; ਉਸ ਦੀ ਕੋਈ ਮਾਂ ਨਹੀਂ ਸੀ। ਉਸ ਦਾ ਕਦੇ ਅਜਿਹਾ ਸਮਾਂ ਨਹੀਂ ਸੀ ਜਦੋਂ ਉਸਦੀ ਸ਼ੁਰੂਆਤ ਹੋਈ ਸੀ, ਅਤੇ ਕਦੇ ਅਜਿਹਾ ਸਮਾਂ ਨਹੀਂ ਹੈ ਜਦੋਂ ਉਸਦਾ ਅੰਤ ਹੋਵੇਗਾ, ਇਸ ਲਈ ਉਹ ਸਾਲੇਮ ਦਾ ਰਾਜਾ ਅੱਜ ਵੀ ਜਿਉਂਦਾ ਹੋਣਾ ਚਾਹੀਦਾ ਹੈ। ਆਮੀਨ। ਤੁਸੀਂ ਇਸ ਨੂੰ ਸਮਝ ਰਹੇ ਹੋ? ਇਹ ਉਹ ਥੀਓਫਨੀ ਸੀ ਜੋ ਪਰਮੇਸ਼ੁਰ ਦਾ ਪੁੱਤਰ ਸੀ। ਕੀ ਇਹ ਸਾਲੇਮ ਸੀ? ਉਹ ਯਰੂਸ਼ਲਮ ਜੋ ਉੱਪਰ ਹੈ, ਉਹ ਅਬਰਾਹਾਮ, ਮੁਬਾਰਕ ਹੈ, ਉਹ ਉਸ ਸ਼ਹਿਰ ਨੂੰ ਲੱਭ ਰਿਹਾ ਸੀ, ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿਸਦਾ ਕਾਰੀਗਰ ਅਤੇ ਬਣਾਉਣ ਵਾਲਾ ਪਰਮੇਸ਼ੁਰ ਸੀ। ਉਹ ਭੇਡਾਂ ਅਤੇ ਬੱਕਰੀਆਂ ਦੀ ਖੱਲ ਵਿੱਚ, ਹਰ ਥਾਂ ਭਟਕਦਾ ਫਿਰਦਾ ਸੀ, ਬੇਸਹਾਰਾ, ਭਟਕਦਾ ਹੋਇਆ, ਅਤੇ ਇੱਕ ਸ਼ਹਿਰ ਦੀ ਭਾਲ ਕਰ ਰਿਹਾ ਸੀ ਜਿਹ ਦਾ ਕਾਰੀਗਰ ਅਤੇ ਬਣਾਉਣ ਵਾਲਾ ਪਰਮੇਸ਼ੁਰ ਹੈ। ਅਤੇ ਉਹ ਰਾਹ ਵਿੱਚ ਜਾਂਦੇ ਹੋਏ, ਉਸ ਸਾਲੇਮ ਦੇ ਰਾਜੇ ਨੂੰ ਮਿਲਿਆ, ਅਤੇ ਉਸਨੇ ਉਸਨੂੰ ਸਾਰੀ ਲੁੱਟ ਦਾ ਦਸਵਾਂ ਹਿੱਸਾ ਦਿੱਤਾ। ਆਮੀਨ। ਇਹ ਉਹੀ ਹੈ। ਓਹ, ਭਾਈ ਗ੍ਰਾਹਮ, ਉਹ ਉਹੀ ਸੀ। ਉਹ ਉਹੀ ਸੀ।

ਅਬਰਾਹਾਮ ਨੇ ਉਸਨੂੰ ਦੁਬਾਰਾ ਦੇਖਿਆ। ਇੱਕ ਦਿਨ ਉਹ ਤੰਬੂ ਵਿੱਚ ਬੈਠਾ ਹੋਇਆ ਸੀ। ਉਸ ਨੇ ਦੇਖਿਆ, ਉੱਥੇ ਆ ਰਿਹਾ ਸੀ, ਅਤੇ ਉਸਨੇ ਤਿੰਨ ਆਦਮੀਆਂ ਨੂੰ ਆਉਂਦੇ ਦੇਖਿਆ।

134 ਤੁਸੀਂ ਜਾਣਦੇ ਹੋ, ਇੱਕ ਮਸੀਹੀ ਬਾਰੇ ਕੁਝ ਅਜਿਹਾ ਹੈ, ਕਿ ਉਹ ਆਤਮਾ ਨੂੰ ਜਾਣਦਾ ਹੈ ਜਦੋਂ ਉਹ ਇਸਨੂੰ ਦੇਖਦਾ ਹੈ। ਜਦੋਂ ਉਹ...ਉਹ ਬਸ ਇਸ ਨੂੰ

ਜਾਣਦਾ ਹੈ। ਇਸ ਬਾਰੇ ਬਸ ਕੁਝ ਆਤਮਿਕ ਗੱਲ ਹੈ। ਆਤਮਿਕ ਵਸਤੂਆਂ ਨੂੰ ਆਤਮਕ ਤੌਰ ਤੇ ਸਮਝਿਆ ਜਾਂਦਾ ਹੈ। ਤੁਸੀਂ ਜਾਣਦੇ ਹੋ। ਹਾਂ, ਉਹ ਇਹ ਦੱਸ ਸਕਦਾ ਹੈ, ਕਿ ਉਸ ਦਾ ਸੱਚਮੁੱਚ ਜਨਮ ਹੋਇਆ ਹੈ ਜਾਂ ਨਹੀਂ। “ਮੇਰੀਆਂ ਭੇਡਾਂ ਮੇਰੀ ਆਵਾਜ਼ ਨੂੰ ਪਛਾਣਦੀਆਂ ਹਨ।”

135 ਅਤੇ ਉਹ ਸਿਰਫ ਜਾਣਦਾ ਸੀ ਕਿ ਕੁਝ ਸੀ। ਉਹ ਦੌੜ ਕੇ ਬਾਹਰ ਗਿਆ ਅਤੇ ਉਸਨੇ ਕਿਹਾ, “ਅੰਦਰ ਆਓ, ਮੇਰੇ ਪ੍ਰਭੂ। ਬੈਠ ਜਾਓ। ਥੋੜ੍ਹਾ ਰੁਕੋ। ਮੈਂ ਰੋਟੀ ਦਾ ਇੱਕ ਟੁਕੜਾ ਲੈ ਕੇ ਤੁਹਾਡੇ ਹੱਥ ਵਿੱਚ ਰੱਖਾਂਗਾ। ਮੈਂ ਤੁਹਾਡੇ ਪੈਰ ਧੋਵਾਂਗਾ। ਆਪਣੇ ਆਪ ਨੂੰ ਆਰਾਮ ਦਿਓ, ਫਿਰ ਆਪਣੀ ਯਾਤਰਾ ਤੇ ਚਲੇ ਜਾਣ, ਕਿਉਂਕਿ ਤੁਸੀਂ—ਤੁਸੀਂ ਮੈਨੂੰ ਮਿਲਣ ਆਏ ਹੋ।” ਬੰਜਰ ਧਰਤੀ ਉੱਤੇ, ਔਖਾ ਰਸਤਾ ਲੈ ਕੇ, ਪ੍ਰਭੂ ਦੇ ਤੁੱਛ ਲੋਕਾਂ ਦੇ ਨਾਲ।

ਜਦ, ਲੂਤ ਦੌਲਤ ਵਿੱਚ ਰਹਿ ਰਿਹਾ ਸੀ, ਭਤੀਜਾ ਉੱਥੇ, ਪਰ ਉਹ ਪਾਪ ਵਿੱਚ ਰਹਿ ਰਿਹਾ ਸੀ। ਵੱਧ ਧਨ-ਦੌਲਤ ਪਾਪ ਹੀ ਪੈਦਾ ਕਰਦੀ ਹੈ।

136 ਇਸ ਲਈ ਅਬਰਾਹਾਮ ਉਨ੍ਹਾਂ ਨੂੰ ਉੱਪਰ ਲੈ ਆਇਆ, ਉਸਨੇ ਥੋੜ੍ਹਾ ਜਿਹਾ ਪਾਣੀ ਲਿਆ ਅਤੇ ਉਨ੍ਹਾਂ ਦੇ ਪੈਰ ਧੋਤੇ। ਉਹ ਵੱਛੇ ਵੱਲ ਭੱਜਿਆ, ਅਤੇ ਝੁੰਡ ਵਿੱਚ ਇੱਕ ਮੋਟਾ ਵੱਛਾ ਲਿਆਇਆ, ਅਤੇ ਉਸਨੂੰ ਮਾਰ ਦਿੱਤਾ; ਇਸ ਨੂੰ ਇੱਕ ਨੌਕਰ ਨੂੰ ਦਿੱਤਾ, ਤਿਆਰ ਕਰਨ ਲਈ। ਅਤੇ ਕਿਹਾ, “ਸਾਰਾਹ, ਆਪਣਾ ਆਟਾ ਗੁੰਨ੍ਹ ਕੇ ਤਿਆਰ ਕਰ।”

ਤੁਸੀਂ ਜਾਣਦੇ ਹੋ ਕਿ ਗੁੰਨ੍ਹਣ ਦਾ, ਕੀ ਮਤਲਬ ਹੈ। ਤੁਸੀਂ ਜਾਣਦੇ ਹੋ, ਮਾਂ ਕੋਲ ਇੱਕ ਪੁਰਾਣਾ, ਇੱਕ ਚਕਲਾ ਜਿਹਾ ਹੁੰਦਾ ਸੀ, ਉਸ ਉਸ ਨੂੰ ਭੋਜਨ ਦੇ ਪੀਪੇ ਵਿੱਚ ਰੱਖਦੀ ਸੀ। ਕੀ ਤੁਸੀਂ ਕਦੇ ਉਹਨਾਂ ਵਿੱਚੋਂ ਇੱਕ ਨੂੰ ਇੱਕ ਛਾਨਣੇ ਨਾਲ ਦੇਖਿਆ ਹੈ? ਅਤੇ ਤੁਹਾਡੇ ਕੋਲ ਉੱਥੇ ਇੱਕ ਚਕਲਾ ਹੁੰਦਾ ਸੀ, ਤੁਸੀਂ ਰੋਟੀ ਵੇਲਦੇ ਸੀ, ਤੁਸੀਂ ਜਾਣਦੇ ਹੋ; ਅਤੇ ਹੈ, ਜੋ *ਇਸ* ਤਰ੍ਹਾਂ ਭਰਾ ਪੇੜਾ ਲੈਂਦੇ ਸੀ, ਅਤੇ ਇਸ ਨੂੰ ਵੇਲਦੇ ਸੀ, ਇਸ ਤਰ੍ਹਾਂ। ਮੈਂ ਮਾਂ ਨੂੰ ਇਹ ਕਰਦੇ ਦੇਖਿਆ ਹੈ, ਕਈ ਵਾਰ, ਚਕਲਾ, ਇੱਕ ਛੋਟੀ ਜਿਹੀ ਗੋਲ ਚੀਜ਼ ਹੁੰਦੀ ਹੈ ਜਿਸ ਉੱਤੇ ਇੱਕ ਛੋਟੀ ਜਿਹੀ ਤਾਰ ਹੁੰਦੀ ਹੈ। ਉਹ ਉਸ ਆਟੇ ਨੂੰ ਲੈਂਦੀ ਅਤੇ ਇਸ ਨੂੰ *ਇਸ* ਤਰ੍ਹਾਂ ਛਾਣ ਦਿੰਦੀ, ਤੁਸੀਂ ਜਾਣਦੇ ਹੋ, ਅਤੇ ਇਸ ਨੂੰ ਅੱਗੇ-ਪਿੱਛੇ ਥਪਥਪਾਉਂਦੇ ਹੋਏ, *ਇਸ* ਤਰ੍ਹਾਂ। ਫਿਰ ਚਕਲੇ ਨੂੰ ਲੈਂਦੇ ਅਤੇ ਇਸ ਨੂੰ ਗੋਲ ਗੋਲ ਵੇਲਦੇ, *ਇਸ* ਤਰ੍ਹਾਂ, ਇਸ ਨੂੰ ਹੇਠਾਂ ਲਿਆਉਣ ਲਈ। ਅਤੇ ਇਹ ਉਦੋਂ ਦੀ ਗੱਲ ਹੈ ਜਦੋਂ ਸਾਨੂੰ ਹੇਠਾਂ ਜਾਣਾ ਪੈਂਦਾ ਸੀ ਅਤੇ ਪੁਰਾਣੀ ਗਰਿਸਟ ਮਿੱਲ ਤੋਂ ਆਟਾ ਪਿਸਾਉਣਾ ਹੁੰਦਾ ਸੀ; ਅਤੇ ਵੱਡੇ ਪੁਰਾਣੇ ਜੋਜੜੇ, ਤੁਸੀਂ ਜਾਣਦੇ ਹੋ, ਭਾਰੀ, ਅਸਲੀ ਮੱਕੀ ਦੀ ਰੋਟੀ। ਤੁਸੀਂ ਇਸ ਦੇ ਆਸਰੇ ਸਾਰਾ ਦਿਨ ਲੱਕੜਾਂ ਕੱਟ ਸਕਦੇ ਸੀ।

137 ਤਾਂ ਫਿਰ ਕਿਹਾ, "ਕੁਝ ਆਟਾ ਗੁਨ੍ਹ, ਛੇਤੀ ਨਾਲ। ਅਤੇ ਇੱਥੇ ਚੁੱਲ੍ਹੇ ਤੇ, ਛੇਤੀ ਨਾਲ ਕੁਝ ਰੋਟੀਆਂ ਬਣਾ।" ਅਤੇ ਉਨ੍ਹਾਂ ਨੇ ਗਾਂ ਨੂੰ ਚੋਇਆ ਅਤੇ ਕੁਝ ਦੁੱਧ ਲਿਆ। ਅਤੇ ਉਨ੍ਹਾਂ ਨੇ, ਇਸ ਨੂੰ ਰਿੜਕਿਆ, ਅਤੇ ਕੁਝ ਮੱਖਣ ਲਿਆ। ਅਤੇ ਫਿਰ ਉਨ੍ਹਾਂ ਨੇ ਜਾ ਕੇ ਵੱਛੇ ਨੂੰ ਮਾਰਿਆ ਅਤੇ ਕੁਝ ਮਾਸ ਲਿਆ, ਅਤੇ ਮਾਸ ਨੂੰ ਤਲਿਆ। ਮੱਖਣ ਦਾ ਦੁੱਧ, ਮੱਕੀ ਦੀ ਰੋਟੀ, ਅਤੇ ਉਹਨਾਂ ਨੇ ਗਰਮ ਰੋਟੀਆਂ ਤੇ ਪਾਉਣ ਲਈ ਕੁਝ ਮੱਖਣ ਲਿਆ। ਔਹ, ਇਹ ਸੱਚਮੁੱਚ ਵਧੀਆ ਹੈ। ਅਤੇ ਉਨ੍ਹਾਂ ਨੇ ਇਹ ਸਭ ਸੁਗੰਧਿਤ ਕਰ ਦਿੱਤਾ। ਅਤੇ ਉਸਨੇ ਇਸਨੂੰ ਬਾਹਰ ਕੱਢਿਆ ਅਤੇ ਇਸਨੂੰ ਇਹਨਾਂ ਤਿੰਨਾਂ ਆਦਮੀਆਂ ਕੋਲ ਰੱਖ ਦਿੱਤਾ।

138 ਅਤੇ ਜਦੋਂ ਉਹ ਖਾ ਰਹੇ ਸਨ, ਉਹ ਸਦੂਮ ਵੱਲ ਤੱਕਦੇ ਰਹੇ। ਅਤੇ ਥੋੜ੍ਹੀ ਦੇਰ ਬਾਅਦ, ਉਹ ਉੱਠੇ ਅਤੇ ਦੂਰ ਜਾਣ ਲੱਗੇ। ਅਤੇ ਉਸਨੇ ਕਿਹਾ, "ਅਬਰਾਹਮ…" ਕਿਹਾ, "ਤੂੰ ਇਸਨੂੰ ਮੇਰੇ ਤੋਂ ਨਹੀਂ ਲੁਕਾਇਆ।"

139 "ਮੈਂ ਤੇਰੇ ਤੋਂ ਇਹ ਨਹੀਂ ਲੁਕ ਸਕਦਾ ਜੋ ਮੈਂ ਕਰਨ ਜਾ ਰਿਹਾ ਹਾਂ। ਮੈਂ ਉੱਥੇ ਹੇਠਾਂ ਜਾ ਰਿਹਾ ਹਾਂ। ਸਦੂਮ ਦੇ ਪਾਪ ਮੇਰੇ ਕੰਨ ਤਕ ਪਹੁੰਚ ਗਏ ਹਨ।"

ਉਹ ਆਦਮੀ ਕੌਣ ਸੀ? ਉਸ ਦੇ ਸਾਰੇ ਕੱਪੜਿਆਂ ਉੱਤੇ ਧੂੜ ਪਈ ਹੋਈ ਸੀ, ਅਤੇ ਉੱਥੇ ਬੈਠ ਕੇ ਵੱਛੇ ਦਾ ਮਾਸ ਖਾ ਰਿਹਾ ਸੀ, ਅਤੇ ਗਾਂ ਦਾ ਦੁੱਧ ਪੀ ਰਿਹਾ ਸੀ, ਅਤੇ ਕੁਝ ਮੱਕੀ ਦੀ ਰੋਟੀ ਅਤੇ ਕੁਝ ਮੱਖਣ ਖਾਧਾ। ਇਹ ਅਜੀਬ ਬੰਦਾ ਕੌਣ ਹੈ? ਉਨ੍ਹਾਂ ਵਿੱਚੋਂ ਦੋ, ਜਾਂ ਤਿੰਨ, ਉੱਥੇ ਬੈਠੇ ਹੋਏ ਸਨ। ਉਸਦੇ ਸਾਰੇ ਕੱਪੜਿਆਂ ਉੱਤੇ ਧੂੜ ਪਈ ਹੋਈ ਸੀ। ਔਹ, ਹਾਂ, "ਅਸੀਂ ਦੂਰ ਦੇਸ਼ ਤੋਂ ਹਾਂ।" ਹਾਂ, ਬਹੁਤ ਦੂਰ ਤੋਂ। ਅਤੇ ਇਸ ਲਈ ਉਸਨੇ ਕਿਹਾ…ਅੱਛਾ, ਉਹ ਕੌਣ ਸਨ?

140 ਉਸ ਨੇ ਕਿਹਾ, "ਮੈਂ ਅਬਰਾਹਾਮ ਤੋਂ ਨਹੀਂ ਲੁਕਾ ਸਕਦਾ, ਕਿਉਂਕਿ ਉਹ ਧਰਤੀ ਦਾ ਵਾਰਸ ਹੈ।" ਆਮੀਨ। "ਮੈਂ ਆਪਣੇ ਭੇਦ ਪ੍ਰਗਟ ਕਰਦਾ ਹਾਂ," ਦੂਜੇ ਸ਼ਬਦਾਂ ਵਿੱਚ, "ਉਨ੍ਹਾਂ ਤੇ ਜਿਹੜੇ ਧਰਤੀ ਦੇ ਵਾਰਸ ਹਨ।" ਇਹ ਉਹ ਥਾਂ ਹੈ ਜਿੱਥੇ ਕਲੀਸਿਯਾ ਨੂੰ ਅੱਜ ਹੋਣਾ ਚਾਹੀਦਾ ਹੈ। ਇਹ ਠੀਕ ਹੈ। ਪਰਮੇਸ਼ੁਰ ਦੇ ਭੇਤ ਪ੍ਰਾਪਤ ਕਰੋ, ਜਾਣੋ ਕਿ ਆਪਣੇ ਆਪ ਨੂੰ ਕਿਵੇਂ ਫੜਨਾ ਹੈ, ਅਤੇ ਕੰਮ ਕਰਨਾ ਹੈ, ਅਤੇ ਕੀ ਕਰਨਾ ਹੈ, ਅਤੇ ਕਿਵੇਂ ਚੱਲਣਾ ਹੈ, ਅਤੇ ਕਿਵੇਂ ਜੀਣਾ ਹੈ। ਅਸੀਂ ਧਰਤੀ ਦੇ ਵਾਰਸ ਹਾਂ। ਠੀਕ ਹੈ। ਉਹ ਤੁਹਾਡੇ ਤੇ ਇਹ ਪ੍ਰਗਟ ਕਰਦਾ ਹੈ, ਕਿਉਂਕਿ ਉਹ ਕੁਝ ਵੀ ਲੁਕਾ ਕੇ ਨਹੀਂ ਰੱਖੇਗਾ। ਇਸ ਲਈ ਅਸੀਂ ਇਨ੍ਹਾਂ ਚੀਜ਼ਾਂ ਨੂੰ ਹੁੰਦੇ ਹੋਏ ਦੇਖ ਰਹੇ ਹਾਂ।

ਦੁਨੀਆਂ ਕਹਿੰਦੀ ਹੈ, "ਆਹ, ਇਹ ਕੱਟੜਪੰਥੀਆਂ ਦਾ ਝੁੰਡ ਹੈ।" ਉਨ੍ਹਾਂ ਨੂੰ ਇਹ ਕਹਿਣ ਦਿਓ। ਧਰਤੀ ਦਾ ਵਾਰਸ ਇਨ੍ਹਾਂ ਗੱਲਾਂ ਨੂੰ ਜਾਣਦਾ ਹੈ। [ਟੇਪ ਤੇ ਖਾਲੀ ਥਾਂ—ਸੰਪਾ.]

*...ਕਿਉਂਕਿ ਉਹ ਪਰਮੇਸ਼ੁਰ ਦੇ ਬੱਚੇ ਕਹਾਉਣਗੇ।*

*ਧੰਨ ਹਨ ਉਹ ਜਿਹੜੇ ਹਲੀਮ ਹਨ: ਕਿਉਂ ਜੋ ਉਹ ਧਰਤੀ ਦੇ ਵਾਰਸ ਹੋਣਗੇ।*

ਉਹ ਆਪਣੇ ਭੇਤ ਉਹਨਾਂ ਨੂੰ ਦੱਸਦਾ ਹੈ, ਉਹਨਾਂ ਤੇ ਪ੍ਰਗਟ ਕਰਦਾ ਹੈ, ਉਹਨਾਂ ਨੂੰ ਇਹ ਦਿਖਾਉਂਦਾ ਹੈ ਕਿ ਕੀ ਕਰਨਾ ਹੈ ਅਤੇ ਕਿਵੇਂ ਜਿਉਣਾ ਹੈ, ਸੰਸਾਰ ਦੀਆਂ ਚੀਜ਼ਾਂ ਨੂੰ ਤਿਆਗਣਾ; ਧਰਮੀ ਚਾਲ ਚਲਣਾ ਅਤੇ ਧਰਮੀ ਜੀਵਨ ਜਿਉਣਾ, ਇਸ ਵਰਤਮਾਨ ਸੰਸਾਰ ਵਿੱਚ, ਉਸ ਦੇ ਨਾਲ-ਨਾਲ ਚੱਲਣਾ। ਦੁਨੀਆ ਨੂੰ ਉਹ ਕਹਿਣ ਦਿਓ ਜੋ ਉਹ ਉਹ ਕਹਿਣਾ ਚਾਹੁੰਦੀ ਹੈ।

141 ਇਸ ਲਈ ਉਸਨੇ ਕਿਹਾ, "ਮੈਂ ਅਬਰਾਹਾਮ ਤੋਂ ਇਹ ਭੇਤ ਨਹੀਂ ਲੁਕਾ ਸਕਦਾ, ਕਿਉਂਕਿ, ਉਹ ਧਰਤੀ ਦਾ ਵਾਰਸ ਹੈ। ਪਰ," ਉਸ ਨੇ ਕਿਹਾ, "ਮੈਂ ਸਦੂਮ ਨੂੰ ਤਬਾਹ ਕਰਨ ਲਈ ਹੇਠਾਂ ਜਾ ਰਿਹਾ ਹਾਂ। ਮੈਂ ਹੇਠਾਂ ਜਾ ਰਿਹਾ ਹਾਂ।"

142 "ਤੁਸੀਂ ਕੀ ਕਰਨ ਜਾ ਰਹੇ ਹੋ, ਸਾਹਬ? ਤੁਸੀਂ ਕਿੱਥੋ ਹੋ? ਇਹ ਸਭ ਕਿਸ ਬਾਰੇ ਹੈ?"

143 ਪਤਾ ਕਰਨ ਲਈ ਆ, ਉਸਨੇ ਕਿਹਾ, "ਅਤੇ ਇੱਕ ਹੋਰ ਗੱਲ, ਅਬਰਾਹਾਮ, ਤੂੰ ਇਸ ਵਾਅਦੇ ਲਈ ਪੱਚੀ-ਸਾਲ ਉਡੀਕ ਕੀਤੀ ਹੈ ਜੋ ਮੈਂ ਤੈਨੂੰ ਦਿੱਤਾ ਸੀ। ਤੁਸੀਂ ਸਾਰੀ ਤਿਆਰੀ ਕੀਤੀ ਹੈ, ਪਿੰਨ ਅਤੇ ਸਭ ਕੁਝ, ਇਸ ਬੱਚੇ ਲਈ, ਪੱਚੀ ਸਾਲਾਂ ਤੋਂ। ਤੂੰ ਅਜੇ ਵੀ ਮੇਰੀ ਉਡੀਕ ਕਰ ਰਿਹਾ ਹੈਂ। ਹੁਣ ਮੈਂ ਤੈਨੂੰ ਮਿਲਣ ਜਾ ਰਿਹਾ ਹਾਂ, ਜੀਵਨ ਦੇ ਸਮੇਂ ਵਿੱਚ, ਜੀਵਨ ਦੇ ਸਮੇਂ ਦੇ ਅਨੁਸਾਰ, ਅਗਲੇ ਮਹੀਨੇ ਮੈਂ ਤੁਹਾਡੇ ਨਾਲ ਹੋਵਾਂਗਾ।"

144 ਅਤੇ ਸਾਰਾਹ, ਪਿੱਛੇ ਤੰਬੂ ਵਿੱਚ ਸੀ। ਅਤੇ ਇਸ ਮਨੁੱਖ ਨੇ ਆਪਣੀ ਪਿੱਠ ਤੰਬੂ ਵੱਲ ਕੀਤੀ ਹੋਈ ਸੀ, ਅਬਰਾਹਾਮ ਨਾਲ ਗੱਲ ਕਰ ਰਿਹਾ ਸੀ, *ਇਸ* ਤਰ੍ਹਾਂ। ਅਤੇ ਸਾਰਾਹ ਬੋਲੀ, "ਹੂੰ!"

145 ਉਸ ਨੇ ਕਿਹਾ, "ਸਾਰਾਹ ਕਿਉਂ ਹੱਸੀ?" ਹੋ-ਹੋ-ਹੋ! ਇਸ ਬਾਰੇ ਕੀ ਹੈ? ਇਹ ਕਾਫ਼ੀ ਟੈਲੀਪੈਥੀ ਸੀ, ਹੈ ਨਾ? "ਸਾਰਾਹ ਨੂੰ ਕਿਸ ਗੱਲ ਦਾ ਹਾਸਾ ਆਇਆ?"

ਸਾਰਾਹ ਨੇ ਕਿਹਾ, "ਨਹੀਂ। ਮੈਂ ਨਹੀਂ ਹੱਸੀ।"

146 ਕਿਹਾ, "ਔਹ, ਹਾਂ, ਤੂੰ ਹੱਸੀ।" ਉਹ ਡਰ ਗਈ ਸੀ। ਉਹ ਕੰਬ ਰਹੀ ਸੀ। ਉਹ ਕੌਣ ਸੀ, ਜੋ ਜਾਣ ਸਕਦਾ ਸੀ ਕਿ ਉਹ ਤੰਬੂ ਵਿੱਚ ਕੀ ਕਰ ਰਹੀ ਸੀ? ਇਹ ਉਹੀ ਪਰਮੇਸ਼ੁਰ ਹੈ ਜੋ ਅੱਜ ਸਾਡੇ ਨਾਲ ਹੈ। ਉਹੀ। ਉਹ ਇਸ ਬਾਰੇ ਸਭ ਜਾਣਦਾ ਹੈ। ਸਮਝੇ? ਉਹ ਬੱਸ ਇਸ ਨੂੰ ਪ੍ਰਗਟ ਕਰਦਾ ਹੈ ਜਿਵੇਂ ਤੁਹਾਨੂੰ ਲੋੜ ਹੈ। ਸਮਝੇ?

147 "ਤੂੰ ਕਾਹਤੋਂ ਹੱਸੀ?" ਦੇਖੋ, ਉਸਦੀ ਪਿੱਠ ਉਸ ਵੱਲ ਸੀ। ਬਾਈਬਲ ਦੱਸਦੀ ਹੈ ਕਿ, "ਉਸ ਦੀ ਪਿੱਠ ਤੰਬੂ ਵੱਲ ਸੀ।" ਪਰ, ਉਹ ਇਹ ਜਾਣਦਾ ਸੀ। "ਉਹ ਕੀ ਹੈ, ਉੱਥੇ ਪਿਛਾਂਹ, *ਇਹ* ਕਰ ਰਹੀ ਹੈ?" ਤੁਸੀਂ ਸਮਝੇ? ਇਸ ਲਈ, ਉਸਨੇ ਕਿਹਾ, "ਮੈਂ ਤੁਹਾਡੇ ਕੋਲ ਆਵਾਂਗਾ।"

148 ਇਹ ਅਜੀਬ ਬੰਦਾ ਕੌਣ ਹੈ? ਤੁਹਾਨੂੰ ਪਤਾ ਹੈ ਕੀ ਹੋਇਆ? ਉਹ ਉੱਥੋਂ ਬਾਹਰ ਨਿਕਲਿਆ ਅਤੇ ਗਾਇਬ ਹੋ ਗਿਆ। ਅਤੇ ਬਾਈਬਲ ਨੇ ਕਿਹਾ ਕਿ ਉਹ ਸਰਬਸ਼ਕਤੀਮਾਨ ਪਰਮੇਸ਼ੁਰ, ਯਹੋਵਾਹ, ਉਹ ਮਹਾਨ ਝਰਨਾ, ਉਹ ਥੀਓਫਨੀ, ਉਹ ਲੋਗੋਸ ਸੀ।

149 ਕੁਝ ਸਮਾਂ ਪਹਿਲਾਂ, ਮੈਨੂੰ ਕਿਸੇ ਪ੍ਰਚਾਰਕ ਨੇ ਕਿਹਾ, "ਭਾਈ ਬ੍ਰਨਹਾਮ, ਤੁਸੀਂ ਅਸਲ ਵਿੱਚ ਇਹ ਨਹੀਂ ਸੋਚੋਗੇ ਕਿ ਉਹ ਪਰਮੇਸ਼ੁਰ ਸੀ, ਕੀ ਤੁਸੀਂ ਸੋਚਦੇ ਹੋ?"

150 ਮੈਂ ਕਿਹਾ, "ਬਾਈਬਲ ਕਹਿੰਦੀ ਹੈ ਕਿ ਇਹ ਪਰਮੇਸ਼ੁਰ ਸੀ, ਈਲੋਹੀਮ।" ਜੋ, ਉਹ ਸਰਬਸ਼ਕਤੀਮਾਨ ਪਰਮੇਸ਼ੁਰ ਸੀ, ਅਲ ਸ਼ਦਾਈ, ਇਹ ਸਹੀ ਹੈ, ਤਾਕਤ-ਦੇਣ ਵਾਲਾ, ਤ੍ਰਿਪਤ ਕਰਨ ਵਾਲਾ। ਆਮੀਨ।

151 ਔਹ, ਮੈਂ ਧਾਰਮਿਕ ਮਹਿਸੂਸ ਕਰ ਰਿਹਾ ਹਾਂ! ਇਸ ਬਾਰੇ ਸੋਚੋ। ਇੱਥੇ ਹੈ, ਉਹ ਹੈ। ਹੁਣ ਮੈਂ ਤੁਹਾਨੂੰ ਦਿਖਾਉਣ ਜਾ ਰਿਹਾ ਹਾਂ ਕਿ ਉਹ ਕੌਣ ਹੈ ਜੋ ਇੱਥੇ ਹੈ, ਫਿਰ ਤੁਸੀਂ ਦੇਖੋਗੇ ਕਿ ਪੁੱਤਰ ਕੌਣ ਹੈ। ਉਹ ਯਿਸੂ ਸੀ, ਇਸ ਤੋਂ ਪਹਿਲਾਂ ਕਿ ਉਹ ਮਨੁੱਖੀ ਨਾਮ ਲੈਂਦਾ, "ਯਿਸੂ।"

152 ਉਸ ਦਿਨ ਝਰਨੇ ਕੋਲ ਖੜ੍ਹਾ ਸੀ। ਅਤੇ ਉਹ ਸਾਰੇ ਪੀ ਰਹੇ ਸਨ, ਤੁਸੀਂ ਜਾਣਦੇ ਹੋ, ਅਤੇ, "ਉਜਾੜ ਵਿੱਚ ਪਾਣੀ ਸੀ," ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ। ਉਸ ਨੇ ਕਿਹਾ...ਉਹ ਮੰਨਾ ਅਤੇ ਚੀਜਾਂ ਖਾ ਰਹੇ ਸਨ। ਉਹਨਾਂ ਕਿਹਾ, "ਸਾਡੇ ਪੁਰਖਿਆਂ ਨੇ ਉਜਾੜ ਵਿੱਚ ਮੰਨ ਖਾਧਾ, ਚਾਲੀ ਵਰ੍ਹਿਆਂ ਤਕ।"

153 ਉਸ ਨੇ ਕਿਹਾ, "ਅਤੇ ਉਹ, ਹਰ ਇੱਕ, ਮਰਿਆ ਹੋਇਆ ਹੈ।" ਕਿਹਾ, "ਮੈਂ ਜੀਵਨ ਦੀ ਰੋਟੀ ਹਾਂ ਜੋ ਪਰਮੇਸ਼ੁਰ ਵੱਲੋਂ, ਸਵਰਗ ਤੋਂ ਆਉਂਦੀ ਹੈ। ਜਿਹੜਾ ਇਹ ਰੋਟੀ ਖਾਂਦਾ ਹੈ ਉਹ ਕਦੇ ਨਹੀਂ ਮਰੇਗਾ।"

154 ਕਿਹਾ, "ਖੈਰ, ਸਾਡੇ ਪੁਰਖਿਆਂ ਨੇ ਆਤਮਾ ਤੋਂ ਪੀਤਾ, ਇੱਕ ਆਤਮਿਕ ਚੱਟਾਨ ਤੋਂ ਜੋ ਉਜਾੜ ਵਿੱਚ ਸੀ, ਜੋ ਉਹਨਾਂ ਦਾ ਪਿੱਛਾ ਕਰਦੀ ਸੀ।"

155 ਉਸ ਨੇ ਕਿਹਾ, "ਮੈਂ ਉਹ ਚੱਟਾਨ ਹਾਂ।" ਮਹਿਮਾ! ਸੰਤ ਯੂਹੰਨਾ, 6ਵਾਂ ਅਧਿਆਇ।

"ਕਿਉਂ," ਓਹਨਾਂ ਨੇ ਕਿਹਾ, "ਕੀ?"

"ਹਾਂ। ਇਹ ਠੀਕ ਹੈ।"

156 "ਕਿਉਂ," ਉਸ ਨੇ ਕਿਹਾ, "ਤੂੰ...ਤੂੰ ਪੰਜਾਹ ਸਾਲ ਦਾ ਵੀ ਨਹੀਂ ਹੈਂ।" ਬੇਸ਼ੱਕ, ਉਸਦੇ ਕੰਮ ਨੇ ਉਸਨੂੰ ਥੋੜਾ ਜਿਹਾ ਬੁੱਢਾ ਕਰ ਦਿੱਤਾ ਸੀ, ਪਰ ਉਹ ਸਿਰਫ ਤੀਹ ਸਾਲ ਸੀ। ਕਿਹਾ, "ਤੇਰੀ ਉਮਰ ਪੰਜਾਹ ਸਾਲ ਦੀ ਵੀ ਨਹੀਂ ਹੈ, ਅਤੇ ਤੂੰ ਕਹਿੰਦਾ ਹੈਂ ਕਿ ਤੂੰ ਅਬਰਾਹਾਮ ਨੂੰ ਦੇਖਿਆ ਹੈ, ਜੋ ਅੱਠ ਜਾਂ ਨੌਂ ਸੌ ਸਾਲਾਂ ਤੋਂ ਮਰਿਆ ਹੋਇਆ ਹੈ? ਹੁਣ ਅਸੀਂ ਜਾਣਦੇ ਹਾਂ ਕਿ ਤੂੰ ਇੱਕ ਸ਼ੈਤਾਨ ਹੈਂ।"

157 ਉਸ ਨੇ ਕਿਹਾ, "ਅਬਰਾਹਾਮ ਤੋਂ ਪਹਿਲਾਂ, **ਮੈਂ ਸੀ**।" ਉੱਥੇ ਉਹ ਹੈ। **ਮੈਂ ਹਾਂ** ਕੌਣ ਸੀ? ਸਾਰੀ ਪੀੜ੍ਹੀ ਲਈ ਇੱਕ ਸਦੀਪਕ ਨਾਮ। ਜੋ ਸੀ...ਬਲਦੀ ਝਾੜੀ ਵਿੱਚ ਅੱਗ ਦਾ ਉਹ ਥੰਮ੍ਹ, "ਮੈਂ ਉਹ ਹਾਂ ਜੋ ਮੈਂ ਹਾਂ।" ਉਹ ਉੱਥੇ ਸੀ, ਉਹ ਥੀਓਫ਼ਨੀ ਜਿਸਨੂੰ ਉਸਨੇ ਇੱਥੇ ਬਣਾਇਆ ਸੀ, ਜਿਸਨੂੰ ਪਰਮੇਸ਼ੁਰ ਦਾ ਪੁੱਤਰ, **ਮੈਂ ਹਾਂ**, ਯਹੋਵਾਹ ਕਿਹਾ ਜਾਂਦਾ ਹੈ।

158 ਥੋਮਾ ਨੇ ਕਿਹਾ, "ਹੇ ਪ੍ਰਭੂ, ਸਾਨੂੰ ਪਿਤਾ ਦਾ ਦਰਸ਼ਨ ਕਰਾ ਅਤੇ ਇਸ ਨਾਲ ਸਾਨੂੰ ਤ੍ਰਿਪਤ ਆਉ।"

159 ਕਿਹਾ, "ਮੈਂ ਤੁਹਾਡੇ ਨਾਲ ਇਨੇ ਚਿਰ ਤੋਂ ਹਾਂ, ਕੀ ਤੁਸੀਂ ਮੈਨੂੰ ਨਹੀਂ ਜਾਣਦੇ?" ਕਿਹਾ, "ਜਦੋਂ ਤੁਸੀਂ ਮੈਨੂੰ ਦੇਖਦੇ ਹੋ, ਤੁਸੀਂ ਪਿਤਾ ਨੂੰ ਦੇਖਦੇ ਹੋ। ਕਿਉਂ ਕਹਿੰਦਾ ਹੈਂ, 'ਤੂੰ, ਸਾਨੂੰ, ਪਿਤਾ ਦਾ ਦਰਸ਼ਨ ਕਰਾ? ਮੈਂ ਅਤੇ ਪਿਤਾ ਇੱਕ ਹਾਂ। ਮੇਰਾ ਪਿਤਾ ਮੇਰੇ ਵਿੱਚ ਵੱਸਦਾ ਹੈ। ਮੈਂ ਸਿਰਫ਼ ਇੱਕ ਤੰਬੂ ਹਾਂ ਜਿਸ ਨੂੰ ਪੁੱਤਰ ਕਿਹਾ ਜਾਂਦਾ ਹੈ। ਪਿਤਾ ਮੇਰੇ ਅੰਦਰ ਵੱਸਦਾ ਹੈ। ਮੈਂ ਨਹੀਂ ਜੋ ਕੰਮ ਕਰਦਾ ਹੈ, ਇਹ ਮੇਰਾ ਪਿਤਾ ਹੈ ਜੋ ਮੇਰੇ ਵਿੱਚ ਰਹਿੰਦਾ ਹੈ। ਉਹ ਕੰਮ ਕਰਦਾ ਹੈ, ਮੈਂ ਨਹੀਂ।"

160 ਹੁਣ, ਉੱਥੇ ਖਲੋ ਕੇ, ਮੂਸਾ ਨੇ ਉਸਨੂੰ ਦੇਖਿਆ, ਉਸਦਾ ਪਿਛਲਾ ਹਿੱਸਾ, ਕਿਹਾ, "ਇੱਕ ਆਦਮੀ ਦੀ ਪਿੱਠ ਵਰਗਾ ਲੱਗਦਾ ਸੀ," ਲੋਗੋਸ ਜੋ ਪਰਮੇਸ਼ੁਰ ਤੋਂ ਨਿਕਲਿਆ ਸੀ।

161 ਫਿਰ ਕੀ ਹੋਇਆ? ਇਹ ਪਰਮੇਸ਼ੁਰ ਸੀ। ਅਤੇ ਉਹ ਕਾਰਣ ਜਿਸ ਕਰਕੇ ਉਹ ਲੋਗੋਸ ਤੋਂ ਦੇਹ ਬਣ ਗਿਆ ਸੀ...ਕੀ...? ਤੁਸੀਂ ਕਿਵੇਂ ਹੋ...? ਉਸ ਨੂੰ ਕੀ ਹੋਇਆ? ਉਸ ਤੋਂ ਪੰਜ ਮਿੰਟ ਪਹਿਲਾਂ, ਉਹ ਇੱਕ...ਉਹ ਲੋਗੋਸ ਸੀ। ਪਰ ਉਸ ਨੇ ਕੀ ਕੀਤਾ? ਉਹ ਬਸ ਪਹੁੰਚਿਆ...

162 ਹੁਣ, ਸਾਡੇ ਸਰੀਰ ਸੰਸਾਰ ਦੇ ਸੋਲਾਂ ਵੱਖ-ਵੱਖ ਤੱਤਾਂ ਤੋਂ ਬਣੇ ਹਨ। ਸਾਨੂੰ ਇਹ ਪਤਾ ਹੈ। ਇਹ ਪੋਟਾਸ਼ ਤੋਂ ਬਣਿਆ ਹੈ, ਅਤੇ—ਅਤੇ ਇੱਕ—ਅਤੇ ਥੋੜਾ ਜਿਹਾ ਕੈਲਸ਼ੀਅਮ, ਅਤੇ—ਅਤੇ ਪੈਟਰੋਲੀਅਮ, ਅਤੇ ਬ੍ਰਹਿਮੰਡੀ ਪ੍ਰਕਾਸ਼, ਅਤੇ

ਪਰਮਾਣੂ, ਅਤੇ ਆਦਿ ਆਦਿ। ਸਾਰੇ ਇਕੱਠੇ ਹੋ ਕੇ, ਇਸ ਦੇਹ ਨੂੰ ਬਣਾਉਂਦੇ ਹਨ, ਧਰਤੀ ਦੀ ਧੂੜ ਤੋਂ ਆਉਂਦੇ ਹਨ। ਤੁਸੀਂ ਭੋਜਨ ਖਾਓ। ਜਿਵੇਂ ਤੁਸੀਂ ਭੋਜਨ ਖਾਂਦੇ ਹੋ, ਇਹ ਬਦਲ ਜਾਂਦਾ ਹੈ...ਮਿੱਟੀ ਤੋਂ, ਅਤੇ ਇਹ ਮਿੱਟੀ ਤੋਂ ਆਉਂਦਾ ਹੈ, ਅਤੇ ਇਹ ਬਸ—ਬਸ ਉਸ ਵਿੱਚ ਚਲਾ ਜਾਂਦਾ ਹੈ। ਤੁਹਾਡਾ ਮਾਸ, ਜਿੱਥੋਂ ਤੱਕ ਤੁਹਾਡਾ ਮਾਸ ਹੈ, ਘੋੜੇ, ਗਾਂ ਜਾਂ ਕਿਸੇ ਹੋਰ ਚੀਜ਼ ਤੋਂ ਵੱਖਰਾ ਨਹੀਂ ਹੈ। ਇਹ ਬਸ ਮਾਸ ਹੀ ਹੈ।

163 ਅਤੇ, ਲੜਕੇ, ਤੁਸੀਂ ਸਰੀਰ ਦੀ ਵਡਿਆਈ ਕਰਦੇ ਹੋ; ਪਰ ਉਸ ਆਤਮ ਵਿੱਚ ਇੱਕ ਪ੍ਰਾਣ ਹੈ, ਮੇਰੇ ਭਾਈ। ਇਹ ਠੀਕ ਹੈ। ਪਰ ਤੁਹਾਡਾ ਮਾਸ ਕੇਵਲ ਧਰਤੀ ਦੀ ਧੂੜ ਹੈ, ਜਾਨਵਰਾਂ ਦੇ ਮਾਸ ਵਾਂਗ। ਤੁਹਾਡਾ ਮਾਸ ਇੱਕ ਜਾਨਵਰ ਦੇ ਮਾਸ ਤੋਂ ਵਧੀਆ ਨਹੀਂ ਹੈ। ਅਤੇ ਜੇ ਤੁਸੀਂ ਮਾਸ ਅਤੇ ਉਸ ਚੀਜ਼ ਦੀ ਕਾਮਨਾ ਕਰਦੇ ਹੋ ਜੋ ਤੁਸੀਂ ਦੇਖਦੇ ਹੋ, ਔਰਤਾਂ ਦੀ ਕਾਮਨਾ ਕਰਦੇ ਹੋ, ਇਹਨਾਂ ਸਾਰੀਆਂ ਵੱਖਰੀਆਂ ਚੀਜ਼ਾਂ ਦੀ ਕਾਮਨਾ ਕਰਦੇ ਹੋ, ਇਹ ਅਜੇ ਵੀ ਜਾਨਵਰ ਹੈ। ਇਹ ਠੀਕ ਹੈ। ਇਹ ਠੀਕ ਹੈ। ਤੁਹਾਨੂੰ ਇਹ ਨਹੀਂ ਕਰਨਾ ਚਾਹੀਦਾ। ਪਰਮੇਸ਼ੁਰ ਦੀ ਆਤਮਾ ਤੁਹਾਡੀ ਅਗਵਾਈ ਕਰੇਗੀ ਅਤੇ ਤੁਹਾਨੂੰ ਉਸ ਤੋਂ ਉੱਚੇ ਮੈਦਾਨ ਵਿੱਚ ਰੱਖੇਗੀ। ਇਹ ਬਿਲਕੁਲ ਸਹੀ ਹੈ।

164 ਹੁਣ, ਅਤੇ ਇੱਥੇ, ਇਹ ਮਹਾਨ ਥੀਓਫਨੀ ਉੱਥੇ ਖੜ੍ਹੀ ਹੈ। ਕੀ...ਉਹ ਮਹਾਨ ਯਹੋਵਾਹ ਪਰਮੇਸ਼ੁਰ, ਤੁਸੀਂ ਜਾਣਦੇ ਹੋ ਕਿ ਉਸਨੇ ਕੀ ਕਿਹਾ? ਉਸ ਨੇ ਬਸ ਹੱਥ ਵਧਾਇਆ ਅਤੇ ਇੱਕ ਮੁੱਠੀ ਭਰ ਪਰਮਾਣੂ ਲਏ, ਥੋੜਾ ਜਿਹਾ ਪ੍ਰਕਾਸ਼ ਲਿਆ, ਅਤੇ ਇਸਨੂੰ ਡੋਲ੍ਹਿਆ, *ਇਸ* ਤਰ੍ਹਾਂ, ਗਿਆ, "ਫਯੁ," ਇੱਕ ਸਰੀਰ, ਅਤੇ ਬਸ ਉਸ ਵਿੱਚ ਕਦਮ ਰੱਖਿਆ। ਇਹੀ ਸਭ ਹੈ।

165 ਕਿਹਾ, "ਇੱਥੇ ਆਓ, ਜਿਬਰਾਏਲ," ਉਸ ਮਹਾਨ ਪ੍ਰਧਾਨ ਦੂਤ। ਗਿਆ, "ਫਯੁ।" "*ਉਸ* ਵਿੱਚ ਕਦਮ ਰੱਖੋ।"

166 "ਇੱਥੇ ਆਓ, ਮੀਕਾਏਲ," ਦੂਤ ਜੋ ਉਸਦੇ ਸੱਜੇ ਪਾਸੇ ਸੀ। "ਫਯੁ।" ਦੇ ਲਈ..."ਤੁਸੀਂ *ਉਸ* ਵਿੱਚ ਕਦਮ ਰੱਖੋ।"

167 ਪਰਮੇਸ਼ੁਰ, ਅਤੇ ਦੋ ਦੂਤ, ਇੱਥੇ ਮਨੁੱਖੀ ਦੇਹ ਵਿੱਚ ਚੱਲੇ, ਅਤੇ ਇੱਕ ਗਾਂ ਦਾ ਦੁੱਧ ਪੀਤਾ, ਦੁੱਧ ਵਿੱਚੋਂ ਮੱਖਣ ਖਾਧਾ, ਅਤੇ ਮੱਕੀ ਦੀ ਰੋਟੀ ਖਾਧੀ, ਅਤੇ ਵੱਛੇ ਦਾ ਮਾਸ ਖਾਧਾ। ਦੋ ਦੂਤ ਅਤੇ ਪਰਮੇਸ਼ੁਰ। ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ। ਇਹ ਮਲਕੀਸਿਦਕ ਹੈ, ਜੋ ਅਬਰਾਹਾਮ ਨੂੰ ਮਿਲਿਆ ਸੀ, ਜੋ ਰਾਜਿਆਂ ਦਾ ਕਤਲ ਕਰਕੇ ਮੁੜ੍ਹ ਰਿਹਾ ਸੀ। ਇਹ ਪਰਮੇਸ਼ੁਰ ਦਾ ਪੁੱਤਰ ਹੈ।

168 ਅੱਗੇ ਵਧੋ, ਇੱਥੇ ਇਬਰਾਨੀਆਂ ਵਿੱਚ, 7ਵੇਂ ਅਧਿਆਏ ਵਿੱਚ, ਕਿਹਾ, "ਪਰਮੇਸ਼ੁਰ ਦੇ ਪੁੱਤ੍ਰ ਦੇ ਸਮਾਨ ਕੀਤਾ ਹੋਇਆ ਸਦਾ ਜਾਜਕ ਬਣਿਆ ਰਹਿੰਦਾ

ਹੈ।" ਉੱਥੇ ਉਹ ਹੈ। ਉਸ ਨੇ ਸਭ ਕੁਝ ਆਪਣੇ ਦੁਆਰਾ ਬਣਾਇਆ ਹੈ। ਅਤੇ ਉਹ ਉੱਥੋਂ ਬਾਹਰ ਨਿਕਲਿਆ, ਅਤੇ ਉਸ ਧੂੜ ਨੂੰ ਦੁਬਾਰਾ ਮਿੱਟੀ ਵਿੱਚ ਬਦਲ ਦਿੱਤਾ, ਅਤੇ ਉਸੇ ਵੇਲੇ ਵਾਪਸ ਮਹਿਮਾ ਵਿੱਚ ਕਦਮ ਰੱਖਿਆ।

169 ਅਤੇ ਦੂਤ, ਜਿਵੇਂ ਹੀ ਉਨ੍ਹਾਂ ਨੇ ਲੂਤ ਅਤੇ ਸ਼੍ਰੀਮਤੀ ਲੂਤ ਦਾ ਛੁਟਕਾਰਾ ਕੀਤਾ, ਅਤੇ ਉਹ ਪਿੱਛੇ ਮੁੜ ਕੇ ਵੇਖਦੀ ਰਹੀ। ਉਸ ਨੇ ਕਿਹਾ, ਉਨ੍ਹਾਂ ਨੂੰ ਕਿਹਾ ਕਿ ਉਹ ਦੁਬਾਰਾ ਅਜਿਹਾ ਨਾ ਕਰਨ। ਅਤੇ ਉਹਨਾਂ ਤੁਰੰਤ ਵਾਪਸ ਪਰਮੇਸ਼ੁਰ ਦੀ ਹਜ਼ੂਰੀ ਅੰਦਰ—ਅੰਦਰ ਕਦਮ ਰੱਖਿਆ।

170 ਹੁਣ, ਸਾਨੂੰ ਇਸ ਮਹਾਨ ਵਿਸ਼ਵਾਸ ਵਿੱਚ ਕਿੰਨੀ ਵੱਡੀ ਉਮੀਦ ਹੈ ਜਿਸਦੀ ਅਸੀਂ ਅੱਜ ਰਾਤ ਸੇਵਕਾਈ ਕਰਦੇ ਹਾਂ! ਜਿਉਂਦਾ ਪਰਮੇਸ਼ੁਰ, ਯਹੋਵਾਹ, ਅੱਗ ਦਾ ਥੰਮ੍ਹ, ਸਾਡੇ ਨਾਲ ਹੈ। ਆਪਣੇ ਆਪ ਨੂੰ ਸ਼ਕਤੀ, ਅਤੇ ਕਿਰਿਆ, ਅਤੇ ਵਡਿਆਈ ਵਿੱਚ ਦਰਸਾਉਂਦਾ ਹੈ...ਉਨ੍ਹਾਂ ਨੂੰ ਉਸ ਦੀ ਤਸਵੀਰ ਲੈਣ ਦਿਓ, ਉਸੇ ਯਹੋਵਾਹ ਦੀ। ਪਰਮੇਸ਼ੁਰ ਦਾ ਪੁੱਤਰ ਜੋ ਪਰਮੇਸ਼ੁਰ ਤੋਂ ਆਇਆ ਸੀ, ਪਰਮੇਸ਼ੁਰ ਕੋਲ ਵਾਪਸ ਚਲਾ ਗਿਆ, ਅਤੇ ਉਸ ਦੀ ਕਲੀਸਿਯਾ ਵਿੱਚ ਸਦਾ ਲਈ ਰਹਿੰਦਾ ਹੈ। ਉੱਥੇ ਉਹ ਹੈ।

171 ਉਸਦੀ ਕਿਤਾਬ ਤੇ ਸਾਡੇ ਨਾਮ ਹਨ, ਆਪਣੇ ਆਪ ਦੀ ਸਹੁੰ ਨਾਲ, ਕਿਉਂਕਿ ਉਸ ਤੋਂ ਵੱਡਾ ਕੋਈ ਨਹੀਂ ਹੈ ਜਿਸਦੀ ਉਹ ਸਹੁੰ ਖਾ ਸਕਦਾ ਹੈ, ਕਿ ਉਹ ਸਾਨੂੰ ਅੰਤਲੇ ਦਿਨ ਜਿਉਂਦਾ ਕਰੇਗਾ। "ਉਹ ਜੋ ਮੇਰਾ ਮਾਸ ਖਾਂਦਾ ਹੈ, ਅਤੇ ਮੇਰਾ ਲਹੂ ਪੀਂਦਾ ਹੈ, ਉਸ ਕੋਲ ਅਨੰਤ ਜੀਵਨ ਹੈ, ਅਤੇ ਮੈਂ ਉਸਨੂੰ ਅਖੀਰਲੇ ਦਿਨ ਉਠਾਵਾਂਗਾ। ਜਿਹੜਾ ਮੇਰੇ ਕੋਲ ਆਉਂਦਾ ਹੈ, ਮੈਂ ਕਿਸੇ ਵੀ ਹਾਲਤ ਵਿੱਚ ਬਾਹਰ ਨਹੀਂ ਕੱਢਾਂਗਾ। ਉਹ ਜੋ ਮੇਰਾ ਬਚਨ ਸੁਣਦਾ ਹੈ, ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਅਨੰਤ ਜੀਵਨ ਹੈ, ਅਤੇ ਕਦੇ ਵੀ ਸਜਾ ਦੇ ਹੇਠ ਨਹੀਂ ਆਵੇਗਾ, ਪਰ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲਾ ਜਾਵੇਗਾ।"

172 ਉਹੀ ਵਿਅਕਤੀ ਹੱਥ ਵਧਾ ਸਕਦਾ ਹੈ ਅਤੇ ਮੁੱਠੀ ਭਰ ਕੈਲਸ਼ੀਅਮ ਅਤੇ ਪੋਟਾਸ਼ ਨੂੰ ਫੜ ਸਕਦਾ ਹੈ, ਕਰੇਗਾ, "ਫਯੁ," ਅਤੇ ਤੁਸੀਂ ਦੁਬਾਰਾ ਉੱਥੇ ਹੋਵੋਗੇ। ਅਤੇ ਮੇਰਾ ਨਾਮ ਉਸਦੀ ਕਿਤਾਬ ਵਿੱਚ ਹੈ। ਹੋ-ਹੋ! ਹੋ-ਹੋ-ਹੋ-ਹੋ! ਮੈਨੂੰ ਕੀ ਪਰਵਾਹ ਹੈ ਕਿ ਮੇਰੇ ਮੋਢੇ ਕਿੰਨੇ ਝੁਕ ਰਹੇ ਹਨ, ਮੇਰੀ ਉਮਰ ਕਿੰਨੀ ਹੈ? ਯਕੀਨਨ ਨਹੀਂ। ਥੋੜੀ ਜਿਹੀ ਵੀ ਚਿੰਤਾ ਨਹੀਂ।

173 ਭਾਈ ਮਾਈਕ, ਇਹਨਾਂ ਦਿਨਾਂ ਵਿੱਚੋ ਕਿਸੇ ਇੱਕ ਦਿਨ, ਤੁਹਾਡੇ ਦਿਲ ਨੂੰ ਆਸ਼ੀਸ਼ ਮਿਲੇ, ਭਾਈ, ਜਦੋਂ ਉਹ ਵੱਡੀ ਤੁਰ੍ਹੀ ਆਵੇਗੀ, ਉਹ ਆਵਾਜ਼, ਅਤੇ ਉਹ ਯੂਸੁਫ਼ ਅੱਗੇ ਵਧੇਗਾ। ਹਲਲੂਯਾਹ! ਉਹ ਕਹੇਗਾ, "ਬੱਚਿਓ!" "ਫਯੁ।"

ਉੱਥੇ ਅਸੀਂ ਹੋਵਾਂਗੇ, ਉਸ ਦੇ ਰੂਪ ਵਿੱਚ ਬਣੇ ਹੋਏ; ਸਦਾ ਲਈ ਜਵਾਨ, ਬੁਢਾਪਾ ਬੀਤ ਜਾਂਦਾ ਹੈ; ਬੀਮਾਰੀ, ਦੁੱਖ, ਦੁੱਖ ਦੂਰ ਹੋ ਗਏ ਹਨ। ਜੀਉਂਦੇ ਪਰਮੇਸ਼ੁਰ ਦੀ ਮਹਿਮਾ ਹੋਵੇ!

174 ਇਹ ਉਹ ਹੈ ਜਿਸ ਵਿੱਚੋਂ ਉਹ ਅੱਜ ਬੋਲਦਾ ਹੈ, ਅੱਜ, ਉਸਦੇ ਪੁੱਤਰ ਰਾਹੀਂ। "ਪਿਛਲਿਆਂ ਸਮਿਆਂ ਅਤੇ ਅਨੇਕ ਤਰੀਕਿਆਂ ਨਾਲ ਉਸਨੇ ਨਬੀਆਂ ਦੁਆਰਾ ਗੱਲ ਕੀਤੀ, ਪਰ ਇਸ ਆਖਰੀ ਦਿਨ ਵਿੱਚ ਉਸਦੇ ਪੁੱਤਰ, ਮਸੀਹ ਯਿਸੂ ਦੁਆਰਾ।" ਉਹ ਹਰ ਆਦਮੀ ਦੇ ਦਿਲ ਨਾਲ ਗੱਲ ਕਰਦਾ ਹੈ ਜਿਸਨੂੰ ਉਸਨੇ ਬੁਲਾਇਆ ਹੈ। ਜੇਕਰ ਤੁਸੀਂ ਕਦੇ ਉਸਦੀ ਅਵਾਜ਼ ਨੂੰ ਮਹਿਸੂਸ ਕੀਤਾ ਹੈ ਜਾਂ ਉਸਨੂੰ ਆਪਣੇ ਦਿਲ ਤੇ ਦਸਤਕ ਦਿੰਦੇ ਸੁਣਿਆ ਹੈ, ਤਾਂ ਕਿਰਪਾ ਕਰਕੇ ਇਸਨੂੰ ਮੋੜੋ ਨਾ।

ਆਓ ਅਸੀਂ ਪ੍ਰਾਰਥਨਾ ਕਰੀਏ।

175 ਸਵਰਗੀ ਪਿਤਾ, ਅੱਜ ਰਾਤ, ਜਿਵੇਂ ਅਸੀਂ ਇਹ ਜਾਣ ਕੇ ਬਹੁਤ ਖੁਸ਼ ਹਾਂ, ਇਸ ਇਬਰਾਨੀ ਪੱਤਰ ਦੇ ਖੁੱਲਣ ਵੇਲੇ, ਕਿਵੇਂ ਪੌਲੁਸ ਇੰਜੀਲਾਂ ਵਿਚ ਵਾਪਸ ਗਿਆ। ਉਹ ਇਸ ਨੂੰ ਕਹੀਆਂ-ਸੁਣੀਆਂ ਗੱਲਾਂ ਜਾਂ ਅਨੁਭਵ ਦੇ ਆਧਾਰ ਤੇ ਨਹੀਂ ਲਵੇਗਾ। ਉਹ ਚਾਹੁੰਦਾ ਸੀ ਕਿ ਅਸੀਂ ਜਾਣੀਏ ਕਿ ਸੱਚ ਕੀ ਹੈ। ਅਤੇ ਉਹ ਸਿੱਧਾ ਇੰਜੀਲ ਵਿੱਚ ਚਲਾ ਗਿਆ, ਅਤੇ ਉਹ...ਵਾਪਸ ਪੁਰਾਣੇ ਨੇਮ ਵਿੱਚ, ਇੰਜੀਲ ਜਿਸਦਾ ਉਨ੍ਹਾਂ ਨੂੰ ਪ੍ਰਚਾਰ ਕੀਤਾ ਗਿਆ ਸੀ। ਅਤੇ ਉਸਨੇ ਦੇਖਿਆ, ਪੁਰਾਣੇ ਨੇਮ ਦੇ ਵਿੱਚ, ਸਾਰੇ ਪਰਛਾਵੇਂ ਅਤੇ ਨਮੂਨੇ। ਇਸ ਲਈ ਅੱਜ ਰਾਤ ਸਾਡੇ ਕੋਲ ਇਬਰਾਨੀਆਂ ਦੀ ਇਹ ਮਹਾਨ ਕਿਤਾਬ ਹੈ। ਅਤੇ ਅਸੀਂ ਇਸਨੂੰ ਦੇਖਦੇ ਹਾਂ, ਪ੍ਰਭੂ, ਅਤੇ ਅਸੀਂ ਇਸਨੂੰ ਪਿਆਰ ਕਰਦੇ ਹਾਂ। ਅਤੇ ਯੁੱਗਾਂ ਦੇ ਦੌਰਾਨ, ਇਸ ਨੂੰ ਸਾੜਿਆ ਗਿਆ ਹੈ, ਇਸ ਨੂੰ ਖਿੰਡਾਇਆ ਗਿਆ ਹੈ, ਇਸਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਉਹ ਉਸੇ ਤਰ੍ਹਾਂ ਲਹਿਰਾਉਂਦੀ ਹੈ। ਕਿਉਂਕਿ ਤੂੰ ਕਿਹਾ ਹੈ, "ਅਕਾਸ਼ ਅਤੇ ਧਰਤੀ ਟਲ ਜਾਣਗੇ, ਪਰ ਮੇਰੇ ਵਚਨ ਨਹੀਂ।"

176 ਫਿਰ ਸ਼ੱਕੀ ਕਹੇਗਾ, "ਅੱਛਾ, ਤੁਸੀਂ ਕਿਹਾ, 'ਪੌਲੁਸ ਨੇ ਇਹ ਲਿਖਿਆ ਸੀ।'" ਪੌਲੁਸ ਨਹੀਂ, ਪਰ ਪਰਮੇਸ਼ੁਰ ਜੋ ਪੌਲੁਸ ਵਿੱਚ ਸੀ; ਉਹ ਰਚਨਾਤਮਕ ਜੀਵ ਜੋ ਪੌਲੁਸ ਦੇ ਅੰਦਰ ਸੀ।

177 ਜਿਵੇਂ ਦਾਊਦ ਵਿੱਚ ਸੀ, ਜਦੋਂ ਉਸਨੇ ਕਿਹਾ, "ਮੈਂ ਆਪਣੇ ਪਵਿੱਤਰ ਪੁਰਖ ਨੂੰ ਗੌਰ ਨਹੀਂ ਦੇਖਣ ਦਿਆਂਗਾ, ਨਾ ਹੀ ਮੈਂ ਉਸਦੀ ਆਤਮਾ ਨੂੰ ਪਤਾਲ ਵਿੱਚ ਛੱਡਾਂਗਾ।" ਅਤੇ ਪਰਮੇਸ਼ੁਰ ਦੇ ਪੁੱਤਰ ਨੇ ਉਸ ਨਬੀ ਤੋਂ ਉਹ ਵਚਨ ਲਏ, ਅਤੇ ਸਿੱਧਾ ਪਤਾਲ ਦੀ ਛਾਤੀ ਵਿੱਚ ਚਲਾ ਗਿਆ। ਅਤੇ ਕਿਹਾ, "ਇਸ ਡੇਰੇ ਨੂੰ ਢਾਹ

ਦਿਓ, ਅਤੇ ਮੈਂ ਇਸਨੂੰ ਤਿੰਨ ਦਿਨਾਂ ਵਿੱਚ ਖੜਾ ਕਰ ਦਿਆਂਗਾ।" ਅਤੇ ਉਸਨੇ ਇਹ ਕੀਤਾ, ਕਿਉਂਕਿ ਪਰਮੇਸ਼ੁਰ ਦਾ ਵਚਨ ਅਸਫਲ ਨਹੀਂ ਹੋ ਸਕਦਾ; ਇੱਕ ਅੰਸ ਵੀ ਫੇਲ ਨਹੀਂ ਹੋ ਸਕਦਾ। ਅਸੀਂ ਇਸ ਮਹਾਨ ਊਰੀਮ ਥੰਮੀਮ ਲਈ, ਪਰਮੇਸ਼ੁਰ ਦਾ ਕਿਵੇਂ ਧੰਨਵਾਦ ਕਰਦੇ ਹਾਂ, ਅਤੇ ਇਹ ਜਾਣ ਕੇ ਕਿ ਅੱਜ ਰਾਤ ਸਾਡੇ ਤਜ਼ਰਬੇ, ਪ੍ਰਭੂ, ਇੱਥੇ ਇਸ ਬਾਈਬਲ ਤੇ ਚਮਕਦੇ ਹਨ! ਅਸੀਂ ਦੁਬਾਰਾ ਜਨਮ ਲਿਆ ਹੈ, ਸਾਡੇ ਕੋਲ ਪਵਿੱਤਰ ਆਤਮਾ ਹੈ।

178 ਪਿਆਰੇ ਪਰਮੇਸ਼ੁਰ, ਜੇ ਅੱਜ ਰਾਤ ਇੱਥੇ ਕੋਈ ਮਰਦ ਜਾਂ ਔਰਤ ਹੋਵੇ, ਮੁੰਡਾ ਜਾਂ ਕੁੜੀ, ਜਿਸ ਨੇ ਕਦੇ ਇਸ ਗੱਲ ਦੀ ਗਵਾਹੀ ਨਹੀਂ ਦਿੱਤੀ, ਉਹ ਕਿਵੇਂ ਉਠ ਸਕਦੇ ਹਨ ਜੇਕਰ ਉੱਥੇ ਕੋਈ ਜੀਵਨ ਨਹੀਂ ਹੈ? ਔਹ, ਉਹ ਕਹਿੰਦੇ ਹਨ, "ਮੇਰੇ ਕੋਲ ਜ਼ਿੰਦਗੀ ਹੈ।"

179 ਪਰ ਬਾਈਬਲ ਨੇ ਕਿਹਾ, "ਉਹ ਜੋ ਮੌਜ-ਮਸਤੀ ਵਿੱਚ ਰਹਿੰਦੀ ਹੈ ਉਹ ਜਿਉਂਦੀ ਹੀ ਮਰ ਚੁੱਕੀ ਹੈ। ਤੁਸੀਂ ਕਹਿੰਦੇ ਹੋ ਕਿ ਤੁਹਾਡੇ ਕੋਲ ਜੀਵਨ ਹੈ, ਪਰ ਤੁਸੀਂ ਮਰ ਚੁੱਕੇ ਹੋ। ਤੁਸੀਂ ਦਾਅਵਾ ਕਰਦੇ ਹੋ," ਬਾਈਬਲ ਨੇ ਕਿਹਾ, "ਕਿ ਤੁਹਾਡੇ ਕੋਲ ਜੀਵਨ ਹੈ, ਪਰ ਤੁਸੀਂ ਮਰ ਚੁੱਕੇ ਹੋ। ਤੁਸੀਂ ਕਹਿੰਦੇ ਹੋ ਕਿ ਤੁਸੀਂ ਅਮੀਰ ਹੋ ਅਤੇ ਤੁਹਾਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ; ਪਰ ਇਹ ਨਹੀਂ ਜਾਣਦੇ ਕਿ ਤੁਸੀਂ ਕੰਗਾਲ ਅਤੇ ਮੰਦਭਾਗੇ ਹੋ, ਅਤੇ ਨੰਗੇ, ਅਤੇ ਅੰਨ੍ਹੇ, ਅਤੇ ਇਹ ਨਹੀਂ ਜਾਣਦੇ।" ਅਤੇ ਅੱਜ ਰਾਤ ਕਲਿਸਿਯਾਂ ਦੀ ਇਹ ਹਾਲਤ ਹੈ, ਪ੍ਰਭੂ। ਉਹ ਕਿਵੇਂ ਇਨ੍ਹਾਂ ਮਹਾਨ, ਕੀਮਤੀ ਚੀਜ਼ਾਂ ਤੋਂ ਖੁੰਝ ਜਾਂਦੇ ਹਨ।

ਇਹ ਜਾਣਨ ਲਈ ਕਿ ਮਹਾਨ ਯਹੋਵਾਹ ਪਰਮੇਸ਼ੁਰ, ਜੋ ਪੈਦਾ ਕਰ ਸਕਦਾ ਹੈ...ਉਸ ਨੇ ਕਿਹਾ, "ਉਹ ਛੋਟੀਆਂ ਮੱਛੀਆਂ ਮੇਰੇ ਕੋਲ ਲਿਆਓ।" ਉਸ ਨੇ ਮੱਛੀ ਨੂੰ ਲਿਆ ਤਾਂ—ਤਾਂ ਜੋ ਉਸ ਤੋਂ ਕੁਝ ਬਣਾਵੇ। ਦਿਖਾਉਂਦੇ ਹੋਏ, ਕਿ ਪੁਨਰਉਥਾਨ ਕੁਝ ਸੀ, ਉਸ ਨਾਲ ਕੁਝ ਕਰਨ ਲਈ। ਉਸਨੇ ਸਿਰਫ਼ ਮੱਛੀ ਹੀ ਨਹੀਂ ਬਣਾਈ, ਪਰ ਉਸਨੇ ਪੱਕੀ ਹੋਈਆਂ ਮੱਛੀਆਂ, ਅਤੇ ਪੱਕੀਆਂ ਹੋਈਆਂ ਰੋਟੀਆਂ ਵੀ ਬਣਾਈਆਂ। ਅਤੇ ਉਸਨੇ ਪੰਜ ਛੋਟੀਆਂ ਮੱਛੀਆਂ ਨਾਲ ਪੰਜ ਹਜ਼ਾਰ ਨੂੰ ਰਜਾਇਆ...ਥੋੜੀਆਂ ਜਿਹੀਆਂ ਰੋਟੀਆਂ ਅਤੇ ਦੋ ਮੱਛੀਆਂ। ਹੇ ਪ੍ਰਭੂ, ਇਹ ਉਸਦੇ ਹੱਥ ਵਿੱਚ ਸੀ, ਅਤੇ ਉਹ ਸਿਰਜਣਹਾਰ ਸੀ। ਪਰ ਇਹ ਕਰਨ ਲੀ ਉਸਦੇ ਹੱਥ ਵਿੱਚ ਕੁਝ ਹੋਣਾ ਚਾਹੀਦਾ ਸੀ।

ਪਰਮੇਸ਼ੁਰ, ਅੱਜ ਰਾਤ ਅਸੀਂ ਆਪਣੇ ਆਪ ਨੂੰ ਉਸਦੇ ਹੱਥਾਂ ਵਿੱਚ ਰੱਖੀਏ, ਅਤੇ ਆਖੀਏ, "ਹੇ ਪਰਮੇਸ਼ੁਰ, ਜਿਵੇਂ ਮੈਂ ਹਾਂ ਮੈਨੂੰ ਉਸੇ ਤਰ੍ਹਾਂ ਲੈ। ਅਤੇ ਜਦੋਂ ਮੇਰੀ ਜ਼ਿੰਦਗੀ ਦਾ ਅੰਤ ਹੋਵੇਗਾ, ਮੈਨੂੰ ਇਸ ਉਮੀਦ ਨਾਲ ਜਾਣ ਦਿਓ ਜੋ ਮੇਰੇ ਅੰਦਰ ਸੀ, ਇਹ ਜਾਣਦਿਆਂ ਕਿ ਮੈਂ ਦੁਬਾਰਾ ਜਨਮ ਲਿਆ ਹੈ, ਅਤੇ

ਤੁਹਾਡੀ ਆਤਮਾ ਨੇ ਮੇਰੇ ਨਾਲ ਗਵਾਹੀ ਦਿੱਤੀ ਹੈ, ਅਤੇ ਮੇਰੀ ਆਤਮਾ ਨਾਲ ਗਵਾਹੀ ਦਿੱਤੀ ਹੈ, ਕਿ ਮੈਂ ਤੁਹਾਡਾ ਪੁੱਤਰ ਜਾਂ ਤੁਹਾਡੀ ਧੀ ਹਾਂ।" ਅਤੇ ਉਸ ਆਖਰੀ ਦਿਨ, ਤੁਸੀਂ ਉਹਨਾਂ ਨੂੰ ਜੀ ਉਠਾਲੋਗੇ। ਇਹ ਬਖਸ ਦਿਓ, ਪਿਤਾ।

180 ਅਤੇ ਜਦੋਂ ਅਸੀਂ ਆਪਣੇ ਸਿਰ ਝੁਕਾਉਂਦੇ ਹਾਂ, ਕੀ ਇੱਥੇ ਕੋਈ ਹੈ ਜੋ ਆਪਣਾ ਹੱਥ ਉਠਾਏਗਾ, ਕਹੋ, "ਮੈਨੂੰ ਯਾਦ ਕਰਨਾ, ਭਾਈ ਬ੍ਰਨਹਾਮ, ਪ੍ਰਾਰਥਨਾ ਵਿੱਚ। ਮੈਂ ਚਾਹੁੰਦਾ ਹਾਂ ਕਿ ਪਰਮੇਸ਼ੁਰ ਮੈਨੂੰ ਉਦੋਂ ਜਾਣੇ...ਇਸ ਧਰਤੀ ਨੂੰ ਛੱਡਣ ਤੋਂ ਪਹਿਲਾਂ, ਕਿ ਉਹ ਮੈਨੂੰ ਇੰਨਾ ਜਾਣੇ ਕਿ ਉਹ ਮੇਰਾ ਨਾਮ ਲਵੇ। ਮੈਂ ਜਵਾਬ ਦਿਆਂਗਾ।" ਪ੍ਰਭੂ ਤੈਨੂੰ ਅਸੀਸ ਦੇਵੇ ਪੁੱਤਰ। ਪਰਮੇਸ਼ੁਰ ਤੁਹਾਨੂੰ ਅਸੀਸ ਦਵੇ, ਅਤੇ ਤੁਹਾਨੂੰ; ਅਤੇ ਤੁਸੀਂ, ਔਰਤ। ਕੋਈ ਹੋਰ ਹੈ? ਬਸ ਆਪਣਾ ਹੱਥ ਉਠਾਓ। ਕਹੋ, "ਮੇਰੇ ਲਈ ਪ੍ਰਾਰਥਨਾ ਕਰੋ, ਭਾਈ ਬ੍ਰਨਹਾਮ।" ਇਹ ਉਹ ਹੈ ਜੋ ਅਸੀਂ ਕਰਾਂਗੇ। ਪਰਮੇਸ਼ੁਰ ਤੈਨੂੰ ਖੁਸ਼ ਰੱਖੇ, ਔਰਤ। ਇਹ ਚੰਗੀ ਗੱਲ ਹੈ।

181 ਹੁਣ, ਜਦੋਂ ਤੁਹਾਡਾ ਸਿਰ ਝੁਕਿਆ ਹੋਇਆ ਹੈ, ਪ੍ਰਾਰਥਨਾ ਕਰ ਰਿਹਾ ਹੈ, ਮੈਂ ਇਸ ਗੀਤ ਦੀ ਇੱਕ ਆਇਤ ਗਾਉਣ ਜਾ ਰਿਹਾ ਹਾਂ:

ਇਸ ਸੰਸਾਰ ਦੀ ਵਿਅਰਥ ਦੌਲਤ ਦਾ ਲਾਲਚ ਨਾ ਕਰੋ,
ਜੋ ਛੇਤੀ ਹੀ ਨਾਸ਼ ਹੋ ਜਾਂਦੀ ਹੈ,
ਅਨੰਤ ਚੀਜ਼ਾਂ ਤੇ ਆਪਣੀਆਂ ਉਮੀਦਾਂ ਬਣਾਓ,
ਉਹ ਕਦੇ ਨਹੀਂ ਟਲਣਗੀਆਂ!

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਅਨੰਤ ਚੀਜ਼ਾਂ ਤੇ ਆਪਣੀਆਂ ਉਮੀਦਾਂ ਬਣਾਓ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

182 ਜਦੋਂ ਉਹ ਹੁਣ ਵਜਾ ਰਹੀ ਹੈ, ਅਤੇ ਤੁਹਾਡਾ ਸਿਰ ਝੁਕਿਆ ਹੋਇਆ ਹੈ, ਕੀ ਤੁਸੀਂ ਆਪਣੇ ਹੱਥ ਉੱਪਰ ਚੁਕੋਗੇ, ਕਹੋਗੇ, "ਹਾਂ, ਪ੍ਰਭੂ, ਇੱਥੇ ਮੇਰਾ ਹੈ"? ਇਹ ਕੀ ਕਰੇਗਾ? ਇਹ ਤੁਹਾਡੀ ਭਾਵਨਾ ਦਿਖਾਏਗਾ, ਕਿ ਤੁਹਾਡੇ ਵਿੱਚ, ਇੱਕ ਫੈਸਲਾ ਲਿਆ ਗਿਆ ਹੈ। "ਮੈਂ ਤੇਰਾ ਹੱਥ ਚਾਹੁੰਦਾ ਹਾਂ, ਪ੍ਰਭੂ।" ਪਰਮੇਸ਼ੁਰ ਤੈਨੂੰ ਆਸ਼ੀਸ਼ ਦੇਵੇ, ਛੋਟੀ ਕੁੜੀ। "ਮੈਂ ਆਪਣਾ ਹੱਥ ਚੁੱਕਾਂਗਾ।" ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਛੋਟੀ ਬੱਚੀ, ਇੱਥੇ ਹੇਠਾਂ। ਇਹ ਠੀਕ ਹੈ, ਪਿਆਰੀ। ਪਰਮੇਸ਼ੁਰ, ਤੁਸੀਂ ਜਾਣਦੇ ਹੋ, ਤੁਹਾਨੂੰ ਇਸ ਤਰ੍ਹਾਂ ਕਰਦਿਆ ਦੇਖ ਕੇ ਖੁਸ਼ ਹੁੰਦਾ ਹੈ। "ਛੋਟੇ ਬੱਚਿਆਂ ਨੂੰ ਮੇਰੇ ਕੋਲ ਆਉਣ ਤੋਂ ਨਾ ਵਰਜੋ।"

183 "ਮੈਂ ਚਾਹੁੰਦਾ ਹਾਂ, ਪਰਮੇਸ਼ੁਰ, ਤੁਸੀਂ ਮੇਰਾ ਹੱਥ ਫੜੋ। ਅਤੇ ਉਸ ਦਿਨ, ਮੈਂ ਤੁਹਾਡੇ ਹੱਥ ਵਿੱਚ ਹੋਣਾ ਚਾਹੁੰਦਾ ਹਾਂ; ਕਿ, ਜਦੋਂ ਤੁਸੀਂ ਬੁਲਾਉ, ਮੈਂ ਆਵਾਂਗਾ।" ਹਾਂ, ਜਿਵੇਂ ਲਾਜ਼ਰ ਸੀ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦਵੇ, ਭੈਣ।

ਜਦੋਂ ਸਾਡੀ ਯਾਤਰਾ ਪੂਰੀ ਹੋ ਜਾਂਦੀ ਹੈ,
ਜੇ ਤੁਸੀਂ ਪਰਮੇਸ਼ੁਰ ਲਈ ਸੱਚੇ ਰਹੇ ਹੋ,
ਤੁਹਾਡੇ ਘਰ ਦੀ ਮਹਿਮਾ ਵਿੱਚ ਨਿਰਪੱਖ ਅਤੇ ਚਮਕਦਾਰ,
ਤੇਰੀ ਪ੍ਰਸੰਨ ਹੋਈ ਆਤਮਾ ਵੇਖੇਗੀ।

ਫਿਰ, ਹੁਣ ਤੁਸੀਂ ਕੀ ਕਰੋਗੇ?

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

184 ਸਵਰਗੀ ਪਿਤਾ, ਅੱਜ ਰਾਤ ਇਸ ਛੋਟੀ ਜਿਹੀ ਸਭਾ ਵਿੱਚ, ਕਈ ਹੱਥ ਉੱਪਰ ਗਏ ਹਨ, ਕਿ ਉਹ ਅੱਜ ਰਾਤ, ਤੁਹਾਡੇ ਅਟੱਲ, ਸਦੀਪਕ ਹੱਥ ਨੂੰ ਫੜਨਾ ਚਾਹੁੰਦੇ ਹਨ। ਇਹ ਜਾਣਦੇ ਹੋਏ ਕਿ ਤੁਹਾਡੇ ਲਈ ਕੀ ਵਚਨਬੱਧ ਹੈ... ਤੁਸੀਂ ਕਿਹਾ, "ਮੈਂ...ਜਿਨੇ ਵੀ ਪਿਤਾ ਨੇ ਮੈਨੂੰ ਦਿੱਤੇ ਹਨ, ਮੇਰੇ ਕੋਲ ਆਉਣਗੇ, ਅਤੇ ਉਨ੍ਹਾਂ ਵਿੱਚੋਂ ਕੋਈ ਵੀ ਨਾਸ਼ ਨਹੀਂ ਹੋਵੇਗਾ। ਅਤੇ ਮੈਂ ਉਹਨਾਂ ਨੂੰ ਆਖਰੀ ਦਿਨ ਉਠਾਵਾਂਗਾ। ਕਦੇ ਨਾਸ਼ ਨਹੀਂ ਹੋ ਸਕਦੇ, ਕਦੇ ਵੀ ਨਿਆਂ ਨਹੀਂ ਹੋ ਸਕਦਾ, ਪਰ ਅਨੰਤ, ਅਨੰਤ ਜੀਵਨ ਹੈ।" ਅਤੇ ਕੇਵਲ ਇੱਕ ਹੀ ਅਨੰਤ ਜੀਵਨ ਹੈ। ਜੋ ਕੇਵਲ, ਪਰਮੇਸ਼ੁਰ ਤੋਂ ਆਉਂਦਾ ਹੈ। ਇਹ ਪਰਮੇਸ਼ੁਰ ਹੈ। ਅਤੇ ਅਸੀਂ ਪਰਮੇਸ਼ੁਰ ਦਾ ਹਿੱਸਾ ਬਣ ਜਾਂਦੇ ਹਾਂ, ਇੰਨੇ ਜ਼ਿਆਦਾ ਕਿ ਅਸੀਂ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਹਾਂ। ਜਦੋਂ ਸਾਡੇ ਅੰਦਰ ਪਰਮੇਸ਼ੁਰ ਦੀ ਆਤਮਾ ਹੁੰਦੀ ਹੈ, ਅਸੀਂ ਪਰਮੇਸ਼ੁਰ ਵਾਂਗ ਸੋਚਦੇ ਹਾਂ। ਅਸੀਂ ਧਾਰਮਿਕਤਾ ਅਤੇ ਪਵਿੱਤਰਤਾ ਬਾਰੇ ਸੋਚਦੇ ਹਾਂ, ਅਤੇ ਅਸੀਂ ਉਸਨੂੰ ਖੁਸ਼ ਕਰਨ ਲਈ ਜੀਉਣ ਦੀ ਕੋਸ਼ਿਸ਼ ਕਰਦੇ ਹਾਂ।

185 ਬਖਸ਼ੋ, ਪ੍ਰਭੂ, ਕਿ ਇਸ ਕਿਸਮ ਦੀ ਜ਼ਿੰਦਗੀ ਹਰ ਉਸ ਵਿਅਕਤੀ ਵਿੱਚ ਦਾਖਲ ਹੋਵੇ ਜਿਸਨੇ ਆਪਣਾ ਹੱਥ ਉਠਾਇਆ ਹੈ। ਅਤੇ ਜਿਨ੍ਹਾਂ ਨੂੰ ਆਪਣੇ ਹੱਥ ਉਠਾਉਣੇ ਚਾਹੀਦੇ ਸਨ, ਪਰ ਨਹੀਂ ਉਠਾਏ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਦੇ ਨਾਲ ਹੋਵੋਗੇ। ਇਹ ਬਖਸ ਦਿਓ, ਪਿਤਾ। ਅਤੇ ਜਦੋਂ ਯਾਤਰਾ ਖਤਮ ਹੋ ਜਾਂਦੀ ਹੈ, ਜੀਵਨ ਖਤਮ ਹੋ ਜਾਂਦਾ, ਤਾਂ ਕੀ ਅਸੀਂ ਉਸ ਦਿਨ ਸ਼ਾਂਤੀ

ਵਿੱਚ ਪ੍ਰਵੇਸ਼ ਕਰੀਏ, ਉਸਦੇ ਨਾਲ, ਜਿੱਥੇ ਅਸੀਂ ਕਦੇ ਬੁੱਢੇ ਨਹੀਂ ਹੋਵਾਂਗੇ, ਕਦੇ ਬਿਮਾਰ ਨਹੀਂ ਹੋਵਾਂਗੇ, ਕਦੇ ਕੋਈ ਮੁਸੀਬਤ ਨਹੀਂ ਹੋਵੇਗੀ। ਤਦ ਤੱਕ, ਸਾਨੂੰ ਖੁਸ਼ ਅਤੇ ਅਨੰਦ ਰੱਖੋ, ਉਸ ਦੀ ਮਹਿਮਾ ਕਰਦੇ ਹੋਏ, ਕਿਉਂਕਿ ਅਸੀਂ ਉਸ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

186 ਤੁਸੀਂ ਸਾਰੇ ਵਿਸ਼ਵਾਸੀਓ, ਹੁਣ, ਆਓ ਆਪਣੇ ਹੱਥ ਉੱਪਰ ਕਰੋ ਅਤੇ ਉਸ ਗੀਤ ਨੂੰ ਗਾਈਏ।

> ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
> ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
> ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
> ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

187 ਹੁਣ ਇਸਨੂੰ ਗੁਣਗੁਣਾਉਂਦੇ ਹਾਂ। ਜਦੋਂ ਤੁਸੀਂ ਇਹ ਕਰ ਰਹੇ ਹੋ, ਆਪਣੇ ਗੁਆਂਢੀ ਨੂੰ, ਤੁਸੀਂ ਕਹੋ, "ਪਰਮੇਸ਼ੁਰ ਤੈਨੂੰ ਅਸੀਸ ਦੇਵੇ, ਗੁਆਂਢੀ।" ਤੁਹਾਡੇ ਨੇੜੇ ਬੈਠੇ ਕਿਸੇ ਵਿਅਕਤੀ ਨਾਲ ਹੱਥ ਮਿਲਾਓ। "ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦਵੇ।" ਹੁਣ ਦੋਵੇਂ ਪਾਸੇ। ਦੋਵੇਂ ਪਾਸੇ, ਹੱਥ ਮਿਲਾਓ। "ਪਰਮੇਸ਼ੁਰ ਤੈਨੂੰ ਅਸੀਸ ਦੇਵੇ, ਗੁਆਂਢੀ। ਪਰਮੇਸ਼ੁਰ ਤੁਹਾਡੇ ਨਾਲ ਹੋਵੇ।" "ਅਨੰਤ ਚੀਜ਼ਾਂ ਤੇ ਆਪਣੀਆਂ ਉਮੀਦਾਂ ਬਣਾਓ।"

ਡਾਕਟਰ, ਮੈਨੂੰ ਪਤਾ ਹੈ ਕਿ ਇਹ ਉੱਥੇ ਹੈ, ਭਾਈ। ਮੈਨੂੰ ਪਤਾ ਹੈ ਕਿ ਤੁਸੀਂ ਉੱਥੇ ਰਹੇ ਹੋ, ਭਾਈ ਨੇਵਿਲ, ਬਹੁਤ ਸਮਾਂ ਪਹਿਲਾਂ।

> ਜਦੋਂ ਇਹ ਯਾਤਰਾ ਪੂਰੀ ਹੋ ਜਾਂਦੀ ਹੈ,

ਇਹ ਹੋਣ ਜਾ ਰਿਹਾ, ਇਹਨਾਂ ਦਿਨਾਂ ਵਿੱਚੋਂ ਕਿਸੇ ਇੱਕ ਦਿਨ।

> ਜੇ ਪਰਮੇਸ਼ੁਰ ਲਈ ਅਸੀਂ ਸੱਚੇ ਰਹੇ ਹਾਂ,

ਅਸੀਂ ਉੱਥੇ ਭਾਈ ਸੇਵਾਡ ਨੂੰ ਮਿਲਾਂਗੇ।

> ਚਮਕਦਾਰ ਅਤੇ ਚਮਕਦਾਰ, ਮਹਿਮਾ ਵਿੱਚ ਤੁਹਾਡਾ ਘਰ,
> ਤੇਰੀ ਪ੍ਰਸੰਨ ਹੋਈ ਆਤਮਾ ਵੇਖੇਗੀ।

> ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

ਮੈਨੂੰ ਉਹ ਅਰਾਧਨਾ ਪਸੰਦ ਹੈ, ਜੋ ਸੰਦੇਸ਼ ਦੇ ਪਿੱਛੋਂ ਹੁੰਦੀ ਹੈ।

> ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
> ਆਪਣੀ ਆਸ ਅਨੰਤ ਚੀਜ਼ਾਂ ਉੱਤੇ ਰੱਖੋ,
> ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

ਸਮਾਂ ਤੇਜ਼ ਬਦਲਾਅ ਨਾਲ ਭਰਿਆ ਹੋਇਆ ਹੈ,
ਧਰਤੀ ਦਾ ਕੁਝ ਵੀ ਅਟਲ ਖੜ੍ਹਾ ਨਹੀਂ ਰਹੇਗਾ,
ਸਦੀਵੀ ਚੀਜ਼ਾਂ ਤੇ ਆਪਣੀਆਂ ਉਮੀਦਾਂ ਬਣਾਓ,
ਫੜੀ ਰੱਖੋ...

ਆਉ ਅਸੀਂ ਉਸ ਦੀ ਇੱਕ ਝਲਕ ਨੂੰ ਵੇਖੀਏ, ਉਸ ਅਦ੍ਰਿਸ਼ ਨੂੰ ਜੋ ਹੁਣ ਸਾਡੇ ਵਿਚਕਾਰ ਵਿਚਕਾਰ ਹੈ, ਅਤੇ ਹੁਣ ਉਸਦੀ ਅਰਾਧਨਾ ਕਰੀਏ ਜਦ ਅਸੀਂ ਗਾਉਂਦੇ ਹਾਂ।

ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!
ਸਦੀਵੀ ਚੀਜ਼ਾਂ ਤੇ ਆਪਣੀਆਂ ਉਮੀਦਾਂ ਬਣਾਓ,
ਪਰਮੇਸ਼ੁਰ ਦੇ ਅਟੱਲ ਹੱਥ ਨੂੰ ਫੜੀ ਰੱਖੋ!

ਸ਼ਾਂਤੀ! ਸ਼ਾਂਤੀ! ਅਦਭੁਤ ਸ਼ਾਂਤੀ,

ਬਸ ਹੁਣ ਉਸਦੀ ਅਰਾਧਨਾ ਕਰੋ।

ਹੇਠਾਂ ਆ ਰਿਹਾ ਹੈ...

ਸੰਦੇਸ਼ ਖਤਮ ਹੋ ਗਿਆ ਹੈ। ਇਹ ਅਰਾਧਨਾ ਹੈ।

ਸਾਡੀ ਆਤਮਾ ਉੱਤੇ ਸਦਾ ਲਈ ਕਬਜਾ ਕਰੋ, ਮੈਂ ਪ੍ਰਾਰਥਨਾ ਕਰਦਾ ਹਾਂ,
ਪਿਆਰ ਦੀ ਅਥਾਹ ਤਰੰਗ ਵਿਚ।

ਬਸ ਉਸ ਵਿੱਚ ਇਸ਼ਨਾਨ ਕਰੋ।

ਸ਼ਾਂਤੀ! ਸ਼ਾਂਤੀ! ਅਦਭੁਤ ਸ਼ਾਂਤੀ,
ਹੇਠਾਂ ਆ ਰਹੀ ਹੈ...

ਉਹ ਮਹਾਨ ਝਰਨਾ, ਇਹ ਖੁੱਲ੍ਹ ਰਿਹਾ ਹੈ।

...ਉੱਪਰ;
ਸਾਡੀ ਆਤਮਾ ਉੱਤੇ ਸਦਾ ਲਈ ਕਬਜਾ ਕਰੋ, ਮੈਂ ਪ੍ਰਾਰਥਨਾ ਕਰਦਾ ਹਾਂ,
ਪਿਆਰ ਦੀ ਅਥਾਹ ਤਰੰਗ ਵਿਚ।

ਕੀ ਇਹ ਕੁਝ ਨਹੀਂ ਕਰਦਾ?

...ਅਦਭੁਤ ਸ਼ਾਂਤੀ,
ਸਾਡੇ ਸਵਰਗੀ ਪਿਤਾ ਕੋਲੋਂ ਹੇਠਾਂ ਆ ਰਹੀ ਹੈ ਜਿਹੜਾ ਉੱਪਰ ਹੈ;
ਸਾਡੀ ਆਤਮਾ ਉੱਤੇ ਸਦਾ ਲਈ ਕਬਜਾ ਕਰੋ, ਮੈਂ ਪ੍ਰਾਰਥਨਾ ਕਰਦਾ ਹਾਂ,
ਪਿਆਰ ਦੀ ਅਥਾਹ ਤਰੰਗ ਵਿਚ।

ਕੀ ਇਸ ਬਾਰੇ ਕੁਝ ਨਹੀਂ ਹੈ, ਬਸ ਭਰਪੂਰ ਅਤੇ ਮਿੱਠਾ?

188 ਅਚਰਜ ਹੈ ਕਿ ਕੀ ਇੱਥੇ ਕੋਈ ਬਿਮਾਰ ਵਿਅਕਤੀ ਹੈ ਜੋ ਮਸਹ ਹੋਣਾ ਅਤੇ ਪ੍ਰਾਰਥਨਾ ਕਰਾਉਣੀ ਚਾਹੁੰਦਾ ਹੈ। ਜੇ ਉੱਥੇ ਹੈ, ਤਾਂ ਆਪਣੀ ਜਗ੍ਹਾ ਲੱਭੋ। ਇਹ ਉੱਥੇ ਵ੍ਹੀਲ ਚੇਅਰ ਤੇ ਔਰਤ ਹੈ? ਬਸ ਉਸਨੂੰ ਰਹਿਣ ਦਿਓ। ਮੈਂ ਆਵਾਂਗਾ, ਉਸ ਲਈ ਪ੍ਰਾਰਥਨਾ ਕਰਾਂਗਾ। ਉਸ ਨੂੰ ਕੁਰਸੀ ਤੋਂ ਉੱਠਣਾ ਨਹੀਂ ਪਵੇਗਾ। ਇਕ ਹੋਰ ਹੈ?

ਔਹ, ਕੀ ਤੁਸੀਂ ਸੇਵਕਾਈ ਦੇ ਇਸ ਹਿੱਸੇ ਨੂੰ ਪਸੰਦ ਨਹੀਂ ਕਰਦੇ? ਕਿੰਨੇ ਮਹਿਸੂਸ ਕਰਦੇ ਹਨ, ਬਸ ਪਤਾ ਹੈ ਕਿ ਪਰਮੇਸ਼ੁਰ ਦੀ ਹਜ਼ੂਰੀ ਇੱਥੇ ਹੈ? ਇਹ ਉਹ ਹੈ ਜਿਸ ਬਾਰੇ ਮੈਂ ਗੱਲ ਕਰਦਾ ਹਾਂ। ਉਹੀ...ਤੁਹਾਨੂੰ ਬਸ ਮਹਿਸੂਸ ਹੁੰਦਾ ਹੈ...ਕਿੰਨੇ ਮਹਿਸੂਸ ਕਰਦੇ ਹਨ ਜਿਵੇਂ ਤੁਸੀਂ ਬਸ ਚਿਲਾ ਸਕਦੇ? ਹੁਣ ਬਸ ਦੇਖੀਏ। ਬਸ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਤੁਹਾਡੇ ਅੰਦਰ ਕੋਈ ਚੀਜ਼ ਚੀਕਣਾ ਚਾਹੁੰਦੀ ਹੈ। ਸਮਝੇ?

ਇਹ ਸ਼ਾਂਤੀ ਹੈ! ਸ਼ਾਂਤੀ! ਅਦਭੁਤ ਸ਼ਾਂਤੀ,
ਪਿਤਾ ਕੋਲੋਂ ਹੇਠਾਂ ਆ ਰਹੀ ਹੈ ਜੋ ਉੱਪਰ ਹੈ;
ਸਾਡੀ ਆਤਮਾ ਉੱਤੇ ਸਦਾ ਲਈ ਕਬਜਾ ਕਰੋ, ਮੈਂ ਪ੍ਰਾਰਥਨਾ ਕਰਦਾ ਹਾਂ,
ਪਿਆਰ ਦੀ ਅਥਾਹ ਤਰੰਗ ਵਿਚ।

ਮੇਰੇ ਉੱਤੇ ਚਮਕੋ,

189 ਜਦ ਅਸੀਂ ਅਰਾਧਨਾ ਵਿੱਚ ਹਾਂ, ਅਸੀਂ ਹੁਣ ਬਿਮਾਰਾਂ ਨੂੰ ਮਸਹ ਕਰਨ ਜਾ ਰਹੇ ਹਾਂ, ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰਾਂਗੇ। ਕੀ ਤੁਸੀਂ ਇਸ ਪਾਸੇ ਨਹੀਂ ਆਓਗੇ, ਬੀਬੀ?

190 ਇਸਦਾ ਕੀ ਮਤਲਬ ਹੈ? "ਵਿਸ਼ਵਾਸ ਦੀ ਪ੍ਰਾਰਥਨਾ ਬਿਮਾਰਾਂ ਨੂੰ ਬਚਾਵੇਗੀ।" ਹਰ ਕੋਈ ਹੁਣ ਪ੍ਰਾਰਥਨਾ ਵਿੱਚ ਰਹੇ, ਬੱਸ ਉਸ ਗੀਤ ਨੂੰ ਗੁਣਗੁਣਾਓ। ਯਿਸੂ ਬਾਰੇ ਸੋਚੋ ਜੋ ਬੀਮਾਰਾਂ ਨੂੰ ਚੰਗਾ ਕਰ ਰਿਹਾ ਹੈ।

ਉਸ ਨੂੰ ਤੇਲ ਵਿੱਚ ਮਸਹ ਕਰੋ...?...

*ਇਬਰਾਨੀਆਂ, ਅਧਿਆਇ ਇੱਕ* PUN57-0821

(Hebrews, Chapter One)

**ਇਬਰਾਨੀਆਂ ਲੜੀ ਦੀ ਕਿਤਾਬ**

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਬੁੱਧਵਾਰ ਸ਼ਾਮ ਨੂੰ, 21 ਅਗਸਤ, 1957, ਜੇਫਰਸਨਵਿਲੇ, ਇੰਡੀਆਨਾ, ਯੂ.ਐਸ.ਏ. ਵਿੱਚ ਬ੍ਰੈਨਹੈਮ ਟੈਬਰਨੇਕਲ ਵਿਖੇ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2023 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰੰਿਟਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡੰਿਗਜ® ਵਲੋਂ ਲਖਿਤੀ ਇਜਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:



Voice Of God Recordings

P.O. Box 950, Jeffersonville, Indiana 47131 U.S.A.

www.branham.org